Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
www.fairadvicefinancial.com Financial Planner
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 225 | Thursday, November 24, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਵਰਜੀਨੀਆ ਦੇ ਵਾਲਮਾਰਟ ਵਿੱਚ ਹਮਲਾਵਰ ਨੇ ਚਲਾਈਆਂ ਅੰਨ੍ਹੇਵਾਹ ਗੋਲੀਆਂ, 6 ਹਲਾਕ



ਵਰਜੀਨੀਆ, 23 ਨਵੰਬਰ (ਪੋਸਟ ਬਿਊਰੋ) : ਬੁੱਧਵਾਰ ਤੜ੍ਹਕੇ ਨੂੰ ਵਰਜੀਨੀਆ ਵਿੱਚ ਵਾਲਮਾਰਟ ਵਿੱਚ ਇੱਕ ਸ਼ੂਟਰ ਵੱਲੋਂ ਗੋਲੀਆਂ ਚਲਾਏ ਜਾਣ ਕਾਰਨ ਛੇ ਵਿਅਕਤੀ ਮਾਰੇ ਗਏ। ਇਹ ਕੁੱਝ ਦਿਨਾਂ ਦੇ ਅੰਦਰ ਅੰਦਰ ਵਾਪਰੀ ਦੂਜੀ ਇਸ ਕਿਸਮ ਦੀ ਘਟਨਾ ਹੈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਹਮਲਾਵਰ ਵੀ ਮਾਰਿਆ ਗਿਆ।

ਬੁੱਧਵਾਰ ਤੜ੍ਹਕੇ ਪੁਲਿਸ ਅਧਿਕਾਰੀ ਲੀਓ ਕੋਸਿੰਸਕੀ ਨੇ ਆਖਿਆ ਕਿ ਚੀਜ਼ਪੀਕ ਵਿੱਚ ਸਥਿਤ ਸਟੋਰ ਇਸ ਸਮੇਂ ਸੁਰੱਖਿਅਤ ਹੈ ਤੇ ਜਾਂਚ ਦੌਰਾਨ ਇਸ ਨੂੰ ਕਈ ਦਿਨਾਂ ਲਈ ਬੰਦ ਰੱਖਿਆ ਜਾਵੇਗਾ। ਇਹ ਸ਼ੂਟਿੰਗ ਉਸ ਘਟਨਾ ਤੋਂ ਤਿੰਨ ਦਿਨ ਬਾਅਦ ਵਾਪਰੀ ਜਦੋਂ ਕੋਲੋਰਾਡੋ ਦੇ ਇੱਕ ਗੇਅ ਨਾਈਟਕਲੱਬ ਵਿੱਚ ਇੱਕ ਵਿਅਕਤੀ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਪੰਜ ਲੋਕਾਂ ਦੀ ਜਾਨ ਲੈ ਲਈ ਤੇ 17 ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਇਸ ਸਾਲ ਦੇ ਸ਼ੁਰੂ ਵਿੱਚ ਯੂਵਾਲਡੇ, ਟੈਕਸਸ ਵਿੱਚ ਇੱਕ ਐਲੀਮੈਂਟਰੀ ਸਕੂਲ ਵਿੱਚ ਗੰਨਮੈਨ ਵੱਲੋਂ ਚਲਾਈਆਂ ਗੋਲੀਆਂ ਕਾਰਨ 21 ਵਿਅਕਤੀ ਮਾਰੇ ਗਏ ਸਨ। ਕੋਸਿੰਸਕੀ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਗੰਨਮੈਨ ਕਿਵੇਂ ਮਾਰਿਆ ਗਿਆ। ਪਰ ਉਨ੍ਹਾਂ ਆਖਿਆ ਕਿ ਪੁਲਿਸ ਵੱਲੋਂ ਉਸ ਉੱਤੇ ਗੋਲੀ ਨਹੀਂ ਚਲਾਈ ਗਈ। ਸ਼ੂਟਿੰਗ ਉਸ ਸਮੇਂ ਰੁਕ ਗਈ ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ। ਚੀਜ਼ਪੀਕ, ਵਰਜੀਨੀਆ ਦੀ ਦੂਜੀ ਸੱਭ ਤੋਂ ਵੱਡੀ ਸਿਟੀ ਹੈ ਤੇ ਇਹ ਨੌਰਫੋਕ ਤੇ ਵਰਜੀਨੀਆ ਬੀਚ ਦੀਆਂ ਕਮਿਊਨਿਟੀਜ਼ ਦੇ ਨੇੜੇ ਪੈਂਦੀ ਹੈ।

## ਮਿਸੀਸਾਗਾ ਦੀਆਂ ਸੜਕਾਂ ਨੂੰ ਸੁਰੱਖਿਅਤ ਬਣਾਉਣ ਲਈ ਨਿੱਠ ਕੇ ਕੰਮ ਕਰ ਰਹੀ ਹੈ ਸਿਟੀ



ਮਿਸੀਸਾਗਾ, 23 ਨਵੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਸੜਕ ਹਾਦਸਿਆਂ ਵਿੱਚ ਮਾਰੇ ਗਏ ਲੋਕਾਂ ਨੂੰ ਯਾਦ ਕਰਨ ਲਈ ਖਾਸ ਦਿਨ ਮਨਾਇਆ ਗਿਆ। ਇਸ ਦੌਰਾਨ ਮਿਸੀਸਾਗਾ ਦੀਆਂ ਸੜਕਾਂ ਉੱਤੇ ਮਾਰੇ ਗਏ ਜਾਂ ਜ਼ਖ਼ਮੀ ਹੋਏ ਲੋਕਾਂ ਨੂੰ ਸ਼ਰਧਾਂਜਲੀ ਵਜੋਂ ਸਿਟੀ ਦੇ ਸਿਵਿਕ ਸੈਂਟਰ ਕਲੌਕ ਟਾਵਰ ਦੀ ਲਾਈਟ ਨੂੰ ਡਿੰਮ ਰੱਖਿਆ ਗਿਆ।

ਇਸ ਮੌਕੇ ਮੇਅਰ ਬ੍ਰੌਨੀ ਕ੍ਰੌਂਬੀ ਨੇ ਆਖਿਆ ਕਿ ਇਸ ਤਰ੍ਹਾਂ ਦੇ ਖਾਸ ਦਿਨ ਉੱਤੇ ਅਸੀਂ ਮਿਸੀਸਾਗਾ ਵਿੱਚ ਹੋਏ ਹਾਦਸਿਆਂ ਵਿੱਚ ਆਪਣੀਆਂ ਜਾਨਾਂ ਗਵਾਉਣ ਵਾਲਿਆਂ ਤੇ ਜ਼ਖ਼ਮੀ ਹੋਣ ਵਾਲਿਆਂ ਨੂੰ ਚੇਤੇ ਕਰਦੇ ਹਾਂ ਤੇ ਉਨ੍ਹਾਂ ਨੂੰ ਆਪਣੀ ਸ਼ਰਧਾਂਜਲੀ ਦੇ ਸਕਦੇ ਹਾਂ। ਉਨ੍ਹਾਂ ਆਖਿਆ ਕਿ ਅਸੀਂ ਤੇਜ਼ੀ ਨਾਲ ਅਰਬਨ ਸੈਂਟਰ ਵਜੋਂ ਵਿਕਸਤ ਹੋ ਰਹੇ ਹਾਂ ਤੇ ਇਹ ਸਾਡੀ ਤਰਜੀਹ ਬਣ ਚੁੱਕੀ ਹੈ ਕਿ ਅਸੀਂ ਆਪਣੀਆਂ ਸੜਕਾਂ ਉੱਤੇ ਸਭਨਾਂ ਦੀ ਸੇਫਟੀ ਯਕੀਨੀ ਬਣਾਈਏ, ਫਿਰ ਭਾਵੇਂ ਕੋਈ ਤੁਰ ਰਿਹਾ ਹੋਵੇ, ਸਾਈਕਲਿੰਗ ਕਰ ਰਿਹਾ ਹੋਵੇ, ਟਰਾਂਜ਼ਿਟ ਦੀ ਵਰਤੋਂ ਕਰ ਰਿਹਾ ਹੋਵੇ ਜਾਂ ਡਰਾਈਵ ਕਰ ਰਿਹਾ ਹੋਵੇ।

ਟਰਾਂਸਪੋਰਟੇਸ਼ਨ ਐਂਡ ਵਰਕਸ ਕਮਿਸ਼ਨਰ ਜੈੱਫ ਰਾਈਟ ਨੇ ਆਖਿਆ ਕਿ ਸਿਟੀ ਵੱਲੋਂ ਘਾਤਕ ਹਾਦਸਿਆਂ ਨੂੰ ਰੋਕਣ ਲਈ ਵਿਜ਼ਨ ਜ਼ੀਰੋ ਐਕਸ਼ਨ ਪਲੈਨ ਵਿਕਸਤ ਕੀਤਾ ਗਿਆ ਹੈ। ਕਾਊਂਸਲ ਵੱਲੋਂ ਇਸ ਪਲੈਨ ਨੂੰ 2021 ਵਿੱਚ ਮਨਜ਼ੂਰੀ ਦਿੱਤੀ ਗਈ ਸੀ ਤੇ ਇਸ ਲਈ ਵੱਡੀ ਗਿਣਤੀ ਵਿੱਚ ਐਕਸ਼ਨ ਪਲੈਨ ਸ਼ੁਰੂ ਹੋ ਚੁੱਕੇ ਹਨ ਤੇ ਕਈ ਸਫਲਤਾ ਪੂਰਬਕ ਨੇਪਰੇ ਚੜ੍ਹਨ ਵਾਲੇ ਹਨ।

ਉਨ੍ਹਾਂ ਦੱਸਿਆ ਕਿ ਸਿਟੀ ਵੱਲੋਂ ਹੁਣ ਤੱਕ 52 ਲੋਕੇਸ਼ਨਾਂ ਉੱਤੇ ਸਪੀਡ ਕੈਮਰੇ ਲਾਏ ਜਾ ਚੁੱਕੇ ਹਨ। ਇਸ ਸਾਲ ਹੀ ਸਕੂਲ ਸਟਰੀਟ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਇਸ ਤਹਿਤ ਤਿੰਨ ਸਕੂਲਾਂ ਦੇ ਬਾਹਰ ਆਰਜ਼ੀ ਕਾਰ-ਫਰੀ ਮਾਹੌਲ ਤਿਆਰ ਕੀਤਾ ਗਿਆ ਹੈ।ਇਸ ਤੋਂ ਇਲਾਵਾ ਨੇਬਰਹੁੱਡ ਏਰੀਆ ਸਪੀਡ ਲਿਮਿਟ ਪ੍ਰੋਜੈਕਟ ਮੁਕੰਮਲ ਕਰ ਲਿਆ ਗਿਆ ਹੈ।ਲੇਕਸ਼ੋਰ ਰੋਡ ਤੇ ਸਟੇਵਬੈਂਕ ਰੋਡ ਇੰਟਰਸੈਕਸ਼ਨ ਉੱਤੇ ਲੀਡਿੰਗ ਪੈਡੈਸਟਰੀਅਨ ਇੰਟਰਵਲ (ਐਲਪੀਆਈ) ਪਾਇਲਟ ਪ੍ਰੋਜੈਕਟ ਪੇਸ਼ ਕੀਤਾ ਗਿਆ ਹੈ।ਇਸ ਤੋਂ ਇਲਾਵਾ ਬਾਈਕ ਵਾਲੀਆਂ ਲੇਨਜ਼ ਵਿੱਚ ਪਾਰਕਿੰਗ ਕਰਨ ਵਾਲਿਆਂ ਨੂੰ 55 ਡਾਲਰ ਜੁਰਮਾਨਾ ਲਾਉਣ ਦੀ ਤਜਵੀਜ਼ ਵੀ ਰੱਖੀ ਗਈ ਹੈ ਤੇ ਹੁਣ ਬਾਈਕ ਵਾਲੀਆਂ ਲੇਨਜ਼ ਵਿੱਚ ਗੱਡੀਆਂ ਪਾਰਕ ਕਰਨ ਵਾਲੇ ਡਰਾਈਵਰਾਂ ਨੂੰ ਜਰਮਾਨਾ ਲਾਇਆ ਜਾਇਆ ਕਰੇਗਾ। ਇਸ ਨਿਯਮ ਨੂੰ ਲਾਗੂ ਕਰਵਾਉਣ ਲਈ ਲੋਕ 311 ਉੱਤੇ ਕਾਲ ਵੀ ਕਰ ਸਕਦੇ ਹਨ।

ਇਸ ਦੇ ਨਾਲ ਹੀ ਪੈਡੈਸਟ੍ਰੀਅਨਜ਼ ਲਈ ਸਿਗਨਲਜ਼ ਨੂੰ ਅਪਡੇਟ ਕੀਤਾ ਗਿਆ ਹੈ। ਹੁਣ ਤੱਕ 800 ਵਿੱਚੋਂ 650 ਸਿਗਨਲ ਅੱਪਡੇਟ ਕੀਤੇ ਜਾ ਚੁੱਕੇ ਹਨ। ਅੱਠ ਇਲਾਕਿਆਂ ਵਿੱਚ ਟਰੈਫਿਕ ਕਾਮਿੰਗ ( ਟਰਆਾਚਿ ਚਅਲਮਨਿਗ ) ਵੀ ਇਨਸਟਾਲ ਕੀਤਾ ਗਿਆ ਹੈ।ਇਸ ਤੋਂ ਇਲਾਵਾ ਬਾਈਕ ਅੰਬੈਸਡਰ ਪ੍ਰੋਗਰਾਮ ਵੀ ਜਾਰੀ ਰੱਖਿਆ ਜਾ ਰਿਹਾ ਹੈ। ਸਕੂਲ ਵਾਕਿੰਗ ਰੂਟਸ ਪ੍ਰੋਗਰਾਮ ਨੂੰ ਵੀ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਹ ਸਾਰੇ ਕਦਮ ਚੁੱਕੇ ਜਾਣ ਤੋਂ ਇਲਾਵਾ ਲੋਕਾਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਤੇ ਸਿੱਖਿਅਤ ਕਰਨ ਲਈ ਸਿਟੀ ਕਮੇਟੀਆਂ ਤੇ ਕਮਿਊਨਿਟੀ ਭਾਈਵਾਲਾਂ ਨਾਲ ਰਲ ਕੇ ਕੰਮ ਕੀਤਾ ਜਾ ਰਿਹਾ ਹੈ।

## ਆਪਣੇ ਕਾਰਵਾਂ ਟੂਰ ਨਾਲ ਦੇਸ਼ ਭਰ ਵਿੱਚ ਹਾਲੀਡੇਅ ਸੀਜ਼ਨ ਦੀ ਸ਼ੁਰੂਆਤ ਕਰੇਗੀ ਕੋਕਾ-ਕੋਲਾ ਕੰਪਨੀ



ਓਨਟਾਰੀਓ, 23 ਨਵੰਬਰ (ਪੋਸਟ ਬਿਊਰੋ) : ਕੋਕਾ-ਕੋਲਾ ਵੱਲੋਂ ਕੈਨੇਡਾ ਭਰ ਦਾ ਟੂਰ ਕੀਤਾ ਜਾ ਰਿਹਾ ਹੈ। ਇਸ ਨੂੰ ਕੋਕਾ-ਕੋਲਾ ਕਾਰਵਾਂ ਟੂਰ ਦਾ ਨਾਂ ਦਿੱਤਾ ਗਿਆ ਹੈ। ਇਸ ਟੂਰ ਦੌਰਾਨ ਕੰਪਨੀ ਵੱਲੋਂ ਕਈ ਥਾਂਵਾਂ ਉੱਤੇ ਡੇਰਾ ਲਾਇਆ ਜਾਵੇਗਾ ਤੇ ਕਮਿਊਨਿਟੀਜ਼ ਨਾਲ ਛੁੱਟੀਆ ਦੇ ਸੀਜ਼ਨ ਦਾ ਲੁਤਫ ਲਿਆ ਜਾਵੇਗਾ। 1990ਵਿਆਂ ਦੇ ਮੱਧ ਵਿੱਚ ਟੀਵੀ ਦੇ ਇੱਕ ਇਸ਼ਤਿਹਾਰ ਤੋਂ ਸ਼ੁਰੂਆਤ ਕਰਕੇ ਇਹ ਕੋਕ ਕਾਰਵਾਂ ਪਿਛਲੇ ਲੱਗਭਗ ਤਿੰਨ ਦਹਾਕਿਆਂ ਤੋਂ ਤਿਉਹਾਰਾਂ ਦੇ ਮੌਸਮ ਦੀ ਸ਼ੁਰੂਆਤ ਦਾ ਚਿੰਨ੍ਹ ਬਣ ਚੁੱਕਿਆ ਹੈ।

25 ਨਵੰਬਰ ਦਿਨ ਸ਼ੁੱਕਰਵਾਰ ਨੂੰ ਕੋਕਾ ਕੋਲਾ ਕਾਰਵਾਂ ਟੋਰਾਂਟੋ ਵਿੱਚ ਸੀਐਨ ਟਾਵਰ ਤੇ ਬ੍ਰੈਮਨਰ ਬੁਲੇਵਾਰਡ ਉੱਤੇ ਸਥਿਤ ਰਿਪਲੇਅਜ਼ ਐਕੁਏਰੀਅਮ ਉੱਤੇ ਵਿਸ਼ੇਸ਼ ਤੌਰ ਉੱਤੇ ਰੁਕੇਗਾ। 26 ਨਵੰਬਰ ਦਿਨ ਸ਼ਨਿੱਚਰਵਾਰ ਨੂੰ ਇਹ ਮਿਸੀਸਾਗਾ ਦੇ ਦ ਸਕੁਏਅਰ ਉੱਤੇ ਚਾਰ ਚੰਨ ਲਾਵੇਗਾ।

ਲੋਕੇਸ਼ਨ ਤੇ ਪ੍ਰੋਗਰਾਮ ਦਾ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ :

ਪੜਾਅ 1- ਟੋਰਾਂਟੋ

- ਕੀ- ਟੋਰਾਂਟੋ ਵਿੱਚ ਕੋਕਾ-ਕੋਲਾ ਕਾਰਵਾਂ
- ਕਦੋਂ - 25 ਨਵੰਬਰ, 2022 ਨੂੰ ਦੁਪਹਿਰੇ 4:00 ਵਜੇ ਤੋਂ ਰਾਤੀਂ 10:00 ਵਜੇ ਤੱਕ
- ਕਿੱਥੇ - 288 ਬ੍ਰੈਮਨਰ ਬੁਲੇਵਾਰਡ, ਟੋਰਾਂਟੋ, ਓਨਟਾਰੀਓ
- ਮੀਡੀਆ ਓਪਰਚੁਨਿਟੀ- ਕੋਕਾ-ਕੋਲਾ ਲੀਡਰਸ਼ਿਪ ਨਾਲ ਆਨ ਸਾਈਟ ਇੰਟਰਵਿਊ ਕਰਨ ਦਾ ਮੌਕਾ, ਲੋਕੇਸ਼ਨ ਤੋਂ ਹੀ ਬ੍ਰਾਡਕਾਸਟ ਕਰਨ ਦਾ ਮੌਕਾ ਤੇ ਹਾਲੀਡੇਅ ਸੀਜ਼ਨ ਦੀ ਸ਼ੁਰੂਆਤ ਲਈ ਸੈਂਟਾ ਨੂੰ ਮਿਲਣ ਦਾ ਮੌਕਾ

ਪੜਾਅ 2- ਮਿਸੀਸਾਗਾ

- ਕੀ- ਮਿਸੀਸਾਗਾ ਵਿੱਚ ਕੋਕਾ-ਕੋਲਾ ਕਾਰਵਾਂ
- ਕਦੋਂ - ਸ਼ਨਿੱਚਰਵਾਰ 26 ਨਵੰਬਰ, 2022 ਨੂੰ ਸ਼ਾਮੀਂ 5:00 ਵਜੇ ਤੋਂ ਰਾਤੀਂ 9:00 ਵਜੇ ਤੱਕ
- ਕਿੱਥੇ - 300 ਸਿਟੀ ਸੈਂਟਰ ਡਰੇਲ, ਮਿਸੀਸਾਗਾ, ਓਨਟਾਰੀਓ
- ਮੀਡੀਆ ਓਪਰਚੁਨਿਟੀ- ਕੋਕਾ-ਕੋਲਾ ਲੀਡਰਸ਼ਿਪ ਨਾਲ ਆਨ ਸਾਈਟ ਇੰਟਰਵਿਊ ਕਰਨ ਦਾ ਮੌਕਾ, ਲੋਕੇਸ਼ਨ ਤੋਂ ਹੀ ਬ੍ਰਾਡਕਾਸਟ ਕਰਨ ਦਾ ਮੌਕਾ ਤੇ ਹਾਲੀਡੇਅ ਸੀਜ਼ਨ ਦੀ ਸ਼ੁਰੂਆਤ ਲਈ ਸੈਂਟਾ ਨੂੰ ਮਿਲਣ ਦਾ ਮੌਕਾ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HOME APPLIANCES STORE
ANNIVERSARY SPECIAL DEAL
UPGRADE LAUNDRY IN JUST $99*
PRICE $5199* NO TAX
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਸਰਕਾਰ ਤੁਰੀ ਹੈ ਰੋਕਣ ਨੂੰ ਗੰਨ ਕਲਚਰ,
ਸੁਣਿਆ ਲਸੰਸਾਂ ਦੀ ਹੋਊ ਪੜਤਾਲ ਭਾਈ।
ਲਸੰਸੀ ਬੰਦੇ ਨੂੰ ਸਾਂਭਣ ਦੀ ਅਕਲ ਕਿ ਨਾ,
ਇਹੋ ਜਿਹਾ ਹੋਊ ਸਭ ਕੋਲ ਸਵਾਲ ਭਾਈ।
ਹੋ ਜਾਊ ਉਹਦਾ ਲਸੰਸ ਵੀ ਰੱਦ ਸੁਣਿਆ,
ਜਿਹੜਾ ਸਕਦਾ ਨਹੀਂ ਗੰਨ ਸੰਭਾਲ ਭਾਈ।
ਜਾਂ ਫਿਰ ਕਿਸੇ ਦੇ ਗਿਆ ਵਿਆਹ ਜਿਹੜਾ,
ਚੁੱਕ ਕੇ ਲੈ ਗਿਆ ਗੰਨ ਫਿਰ ਨਾਲ ਭਾਈ।
ਲੱਗ ਪਏ ਹੋਣ ਲਸੰਸ ਜਦ ਰੱਦ ਸੁਣਿਆ,
ਕਰਿਆ ਕਈਆਂ ਨੇ ਸੁਣੀਂਦਾ ਰੋਸ ਭਾਈ।
ਲੈਂਦਾ ਜਾਨਾਂ ਮਨੁੱਖੀ ਪਿਆ ਗੰਨ ਕਲਚਰ,
ਲੱਗੇ ਰੋਕਣ ਤਾਂ ਕਾਹਦਾ ਅਫਸੋਸ ਭਾਈ।

**ਤੀਸ ਮਾਰ ਖਾਂ**

# ਕਾਊਂਸਲ ਕਮੇਟੀ ਵਿੱਚ ਸੇਵਾ ਨਿਭਾਅ ਕੇ ਆਪਣੀ ਕਮਿਊਨਿਟੀ ਦੀ ਬਦਲੋ ਨੁਹਾਰ

ਮਿਸੀਸਾਗਾ, 23 ਨਵੰਬਰ (ਪੋਸਟ ਬਿਊਰੋ) : ਸਿਟੀ ਆਫ ਮਿਸੀਸਾਗਾ ਚਾਹੁੰਦੀ ਹੈ ਕਿ ਨਾਗਰਿਕ ਉਨ੍ਹਾਂ ਦੀਆਂ ਕਮੇਟੀਆਂ, ਲੋਕਲ ਬੋਰਡਜ਼ ਵਿੱਚ ਕੰਮ ਕਰਨ। ਇਹ ਕਮੇਟੀਆਂ ਸਿਟੀ ਕਾਊਂਸਲ ਨੂੰ ਸਿਫਾਰਿਸ਼ਾਂ ਕਰਦੀਆਂ ਹਨ ਜਾਂ ਫਿਰ ਕੁੱਝ ਖਾਸ ਮੁੱਦਿਆਂ ਉੱਤੇ ਆਜ਼ਾਦਾਨਾਂ ਢੰਗ ਨਾਲ ਫੈਸਲੇ ਲੈਂਦੀਆਂ ਹਨ।



ਇਸ ਸਬੰਧ ਵਿੱਚ ਅਰਜ਼ੀਆਂ 24 ਨਵੰਬਰ ਤੋਂ 15 ਦਸੰਬਰ, 2022 ਤੱਕ ਸਵੀਕਾਰੀਆਂ ਜਾਣਗੀਆਂ। ਇਹ ਕਮੇਟੀਆਂ ਤੇ ਬੋਰਡ ਕਈ ਤਰ੍ਹਾਂ ਦੇ ਹੁੰਦੇ ਹਨ, ਜਿਨ੍ਹਾਂ ਲਈ ਸਥਾਨਕ ਨਾਗਰਿਕਾਂ ਨੂੰ ਮੈਂਬਰ ਲੈਣਾ ਹੁੰਦਾ ਹੈ। ਇਨ੍ਹਾਂ ਵਿੱਚ ਅਸੈਸੇਬਿਲਿਟੀ ਐਡਵਾਈਜ਼ਰੀ ਕਮੇਟੀ, ਹੈਰੀਟੇਜ ਐਡਵਾਈਜ਼ਰੀ ਕਮੇਟੀ, ਮਿਸੀਸਾਗਾ ਆਰਟਸ ਕਾਊਂਸਲ, ਮਿਸੀਸਾਗਾ ਪਬਲਿਕ ਲਾਇਬ੍ਰੇਰੀ ਬੋਰਡ ਤੇ ਹੋਰ ਸ਼ਾਮਲ ਹਨ। ਮੈਂਬਰਾਂ ਨੂੰ 14 ਨਵੰਬਰ, 2026 ਨੂੰ ਖ਼ਤਮ ਹੋਣ ਜਾ ਰਹੀ ਚਾਰ ਸਾਲਾ ਮਿਆਦ ਲਈ ਸੇਵਾ ਕਰਨੀ ਹੋਵੇਗੀ।

ਸਿਟੀ ਵੱਲੋਂ ਅਜਿਹੀਆਂ ਕਮੇਟੀਆਂ ਲਈ ਕੰਮ ਕਰਨ ਦੇ ਚਾਹਵਾਨਾਂ ਲਈ ਡਰੌਪ ਇਨ ਇਨਫਰਮੇਸ਼ਨ ਸੈਸ਼ਨ ਦਾ ਆਯੋਜਨ ਕੀਤਾ ਜਾ ਰਿਹਾ ਹੈ ਤੇ ਇਸ ਦੌਰਾਨ ਹੀ ਅਰਜ਼ੀ ਪ੍ਰਕਿਰਿਆ ਵੀ ਜਾਰੀ ਰੱਖੀ ਜਾਵੇਗੀ। ਕਾਊਂਸਲ ਕਮੇਟੀ ਅਪੁਆਇੰਟਮੈਂਟਸ ਡਰੌਪ-ਇਨ ਇਨਫਰਮੇਸ਼ਨ ਸੈਸ਼ਨ 24 ਨਵੰਬਰ ਦਿਨ ਵੀਰਵਾਰ ਨੂੰ ਸ਼ਾਮੀਂ 6:00 ਵਜੇ ਤੋਂ 7:30 ਵਜੇ ਤੱਕ ਕਾਊਂਸਲ ਚੇਂਬਰਜ਼, ਸਿਟੀ ਹਾਲ 300 ਸਿਟੀ ਸੈਂਟਰ ਡਰਾਈਵ, ਮਿਸੀਸਾਗਾ, ਓਨਟਾਰੀਓ ਵਿਖੇ ਕਰਵਾਇਆ ਜਾਵੇਗਾ।

ਸਿਟੀ ਦੀਆਂ ਕਮੇਟੀਆਂ, ਲੋਕਲ ਬੋਰਡਜ਼ ਤੇ ਅਥਾਰਟੀਜ਼ ਬਾਰੇ ਜਾਣਕਾਰੀ ਕਾਊਂਸਲ ਕਮੇਟੀ ਦੀ ਵੈੱਬਸਾਈਟ ਉੱਤੇ ਉਪਲਬਧ ਹੈ। ਅਰਜ਼ੀ ਪ੍ਰਕਿਰਿਆ ਤੇ ਹਰੇਕ ਕਮੇਟੀ ਲਈ ਲੋੜੀਂਦੀ ਯੋਗਤਾ ਬਾਰੇ ਜਾਣਕਾਰੀ ਸਿਟੀਜ਼ਨ ਅਪੁਆਇੰਟਮੈਂਟ ਵੈੱਬਪੇਜ ਉੱਤੇ ਉਪਲਬਧ ਹੈ।

# ਕੈਨੇਡਾ ਵਿੱਚ ਹਰੇਕ ਛੇ ਵਿੱਚੋਂ ਇੱਕ ਮਹਿਲਾ ਕਰਵਾ ਚੁੱਕੀ ਹੈ ਗਰਭਪਾਤ : ਸਰਵੇਖਣ

ਓਟਵਾ, 23 ਨਵੰਬਰ (ਪੋਸਟ ਬਿਊਰੋ) : ਇੱਥੇ ਕਰਵਾਏ ਗਏ ਇੱਕ ਨਵੇਂ ਸਰਵੇਖਣ ਵਿੱਚ ਪੰਜ ਵਿੱਚੋਂ ਦੋ ਕੈਨੇਡੀਅਨ ਮਹਿਲਾਵਾਂ ਨੇ ਆਖਿਆ ਕਿ ਉਹ ਕਿਸੇ ਅਜਿਹੀ ਸਹੇਲੀ ਜਾਂ ਪਰਿਵਾਰਕ ਮੈਂਬਰ ਨੂੰ ਜਾਣਦੀਆਂ ਹਨ ਜਿਸ ਨੇ ਕਦੇ ਨਾ ਕਦੇ ਗਰਭਪਾਤ ਕਰਵਾਇਆ ਹੈ। ਰਿਪੋਰਟ ਮੁਤਾਬਕ ਛੇ ਮਹਿਲਾਵਾਂ ਵਿੱਚੋਂ ਇੱਕ ਅਜਿਹੀ ਹੈ ਜਿਸ ਨੇ ਗਰਭਪਾਤ ਕਰਵਾਇਆ ਹੈ।



ਇਸ ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਕਿ ਜਿਨ੍ਹਾਂ ਮਹਿਲਾਵਾਂ ਨੇ ਗਰਭਪਾਤ ਕਰਵਾਇਆ ਤੇ ਜਿਨ੍ਹਾਂ ਮਹਿਲਾਵਾਂ ਨੂੰ ਅਣਚਾਹਿਆ ਗਰਭ ਠਹਿਰਿਆ ਤੇ ਉਨ੍ਹਾਂ ਬੱਚੇ ਨੂੰ ਜਨਮ ਵੀ ਦਿੱਤਾ, ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਸਹੀ ਕਦਮ ਚੁੱਕਿਆ। ਉਨ੍ਹਾਂ ਆਖਿਆ ਕਿ ਅਜਿਹਾ ਕਰਕੇ ਉਨ੍ਹਾਂ ਸਹੀ ਚੋਣ ਕੀਤੀ। ਜਿਨ੍ਹਾਂ ਨੇ ਗਰਭਪਾਤ ਕਰਵਾਇਆ ਉਨ੍ਹਾਂ ਵਿੱਚ ਪਛਤਾਵੇ ਦੀ ਦਰ ਵੀ ਘੱਟ ਪਾਈ ਗਈ।

ਐਂਗਸ ਰੀਡ ਇੰਸਟੀਚਿਊਟ ਵੱਲੋਂ ਕਰਵਾਇਆ ਗਿਆ ਇਹ ਸਰਵੇਖਣ ਇੱਕ ਨਵੀਂ ਸੀਰੀਜ਼ ਦਾ ਹੀ ਡਾਟਾ ਹੈ। ਅਗਸਤ ਵਿੱਚ 1800 ਕੈਨੇਡੀਅਨਜ਼, ਜਿਨ੍ਹਾਂ ਵਿੱਚੋਂ 921 ਮਹਿਲਾਵਾਂ ਸਨ, ਉੱਤੇ ਇਹ ਸਰਵੇਖਣ ਕਰਵਾਇਆ ਗਿਆ। ਇਸ ਸਰਵੇਖਣ ਦਾ ਅਸਲ ਮਕਸਦ ਇਹ ਪਤਾ ਲਾਉਣਾ ਸੀ ਕਿ ਗਰਭਪਾਤ ਕਰਵਾਉਣ ਤੇ ਅਣਚਾਹੇ ਗਰਭ ਨੂੰ ਸਿਰੇ ਲਾਉਣ ਪਿੱਛੇ ਕੈਨੇਡੀਅਨਜ਼ ਦਾ ਤਜਰਬਾ ਕੀ ਹੈ।

ਇਸ ਸਰਵੇਖਣ ਵਿੱਚ ਹਿੱਸਾ ਲੈਣ ਵਾਲੀਆਂ 16 ਫੀ ਸਦੀ ਮਹਿਲਾਵਾਂ ਨੇ ਆਖਿਆ ਕਿ ਉਨ੍ਹਾਂ ਨੇ ਖੁਦ ਗਰਭਪਾਤ ਕਰਵਾਇਆ ਹੈ, ਜਦਕਿ 15 ਫੀ ਸਦੀ ਮਹਿਲਾਵਾਂ ਨੇ ਇਹ ਆਖਿਆ ਕਿ ਉਨ੍ਹਾਂ ਅਣਚਾਹੇ ਗਰਭ ਨੂੰ ਸਿਰੇ ਚੜ੍ਹਾਇਆ ਤੇ ਚਾਰ ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੂੰ ਦੋਵੇਂ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਨਾ ਪਿਆ।

# ਟੋਰਾਂਟੋ ਵਿੱਚ ਗੱਡੀ ਨੂੰ ਪੇਸ਼ ਆਇਆ ਹਾਦਸਾ, ਇੱਕ ਹਲਾਕ, 2 ਜ਼ਖ਼ਮੀ



ਟੋਰਾਂਟੋ, 23 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਇਕਹਿਰੀ ਗੱਡੀ ਨੂੰ ਪੇਸ਼ ਆਏ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਦੋ ਹੋਰ ਜ਼ਖ਼ਮੀ ਹੋ ਗਏ।

ਇਹ ਹਾਦਸਾ ਬੁੱਧਵਾਰ ਨੂੰ ਤੜਕੇ 3:00 ਵਜੇ ਸਟੀਲਜ਼ ਐਵਨਿਊ ਈਸਟ ਤੇ ਸੀਵੈਲਜ਼ ਰੋਡ ਇਲਾਕੇ ਵਿੱਚ ਵਾਪਰਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਦੋ ਹੋਰਨਾਂ ਵਿਅਕਤੀਆਂ ਨੂੰ ਨਾਜ਼ੁਕ ਪਰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਕਾਰ ਨੂੰ ਪੇਸ਼ ਆਏ ਹਾਦਸੇ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ ਹੈ ਪਰ ਪੁਲਿਸ ਇਹ ਜਾਂਚ ਕਰ ਰਹੀ ਹੈ ਕਿ ਕਿਤੇ ਇਸ ਹਾਦਸੇ ਦਾ ਕਾਰਨ ਤੇਜ਼ ਰਫਤਾਰ ਤਾਂ ਨਹੀਂ ਸੀ। ਟਰੈਫਿਕ ਲਈ ਇਲਾਕੇ ਨੂੰ ਬੰਦ ਕੀਤਾ ਗਿਆ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਸਾਈਕਲਿਸਟ ਦੀ ਹੋਈ ਮੌਤ

ਟੋਰਾਂਟੋ, 23 ਨਵੰਬਰ (ਪੋਸਟ ਬਿਊਰੋ) : ਮਿੱਡਟਾਊਨ ਟੋਰਾਂਟੋ ਵਿੱਚ ਇੱਕ ਗੱਡੀ ਦੇ ਸਾਈਕਲਿਸਟ ਨਾਲ ਟਕਰਾ ਜਾਣ ਕਾਰਨ ਉਸ ਦੀ ਮੌਤ ਹੋ ਗਈ।



ਪੁਲਿਸ ਨੇ ਦੱਸਿਆ ਕਿ ਬੁੱਧਵਾਰ ਨੂੰ 4:30 ਤੋਂ ਪਹਿਲਾਂ ਉਨ੍ਹਾਂ ਨੂੰ ਇਹ ਖਬਰ ਮਿਲੀ ਕਿ ਕਿਸੇ ਸਾਈਕਲਸਵਾਰ ਨੂੰ ਗੱਡੀ ਵੱਲੋਂ ਟੱਕਰ ਮਾਰ ਦਿੱਤੀ ਗਈ ਹੈ ਤੇ ਗੱਡੀ ਉਸ ਵਿਅਕਤੀ ਉੱਤੇ ਚੜ੍ਹ ਵੀ ਗਈ ਹੈ। ਇਹ ਰਿਪੋਰਟ ਮਿਲਦਿਆਂ ਸਾਰ ਪੁਲਿਸ ਯੰਗ ਸਟਰੀਟ ਤੇ ਸੇਂਟ ਕਲੇਅਰ ਐਵਨਿਊ ਦੇ ਇੰਟਰਸੈਕਸ਼ਨ ਉੱਤੇ ਪਹੁੰਚੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਘਟਨਾ ਵਾਲੀ ਥਾਂ ਉੱਤੇ ਪਹੁੰਚਣ ਤੋਂ ਪਹਿਲਾਂ ਹੀ ਫਾਇਰ ਕ੍ਰਿਊ ਤੇ ਪੈਰਾਮੈਡਿਕਸ ਮੌਕੇ ਉੱਤੇ ਪਹੁੰਚ ਚੁੱਕੇ ਸਨ ਤੇ ਸਾਈਕਲਿਸਟ ਨੂੰ ਗੱਡੀ ਹੇਠੋਂ ਕੱਢਣ ਦੀ ਕੋਸ਼ਿਸ਼ ਕਰ ਰਹੇ ਸਨ। ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਗੱਡੀ ਦਾ ਡਰਾਈਵਰ ਵੀ ਹਾਦਸੇ ਵਾਲੀ ਥਾਂ ਉੱਤੇ ਬਣਿਆ ਰਿਹਾ।

# ਕੇਂਦਰੀ ਮੰਤਰੀ ਕੌਸ਼ਲ ਕਿਸ਼ੋਰ ਦੇ ਭਤੀਜੇ ਨੇ ਕੀਤੀ ਖ਼ੁਦਕੁਸ਼ੀ, ਘਰ 'ਚ ਲਟਕਦੀ ਮਿਲੀ ਲਾਸ਼

ਲਖਨਊ, 23 ਨਵੰਬਰ (ਪੋਸਟ ਬਿਊਰੋ)- ਕੇਂਦਰੀ ਮੰਤਰੀ ਕੌਸ਼ਲ ਕਿਸ਼ੋਰ ਦੇ ਭਤੀਜੇ ਨੰਦ ਕਿਸ਼ੋਰ ਨੇ ਬੁੱਧਵਾਰ ਨੂੰ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਜਾਣਕਾਰੀ ਮੁਤਾਬਕ ਲਖਨਊ ਦੇ ਦੁਬੱਗਾ ਦੇ ਬਿਗਰੀਆ ਇਲਾਕੇ 'ਚ ਪ੍ਰਾਪਰਟੀ ਡੀਲਰ ਦਾ ਕੰਮ ਕਰਦੇ ਨੰਦ ਕਿਸ਼ੋਰ ਨੇ ਆਪਣੇ ਘਰ 'ਚ ਫਾਹਾ ਲੈ ਲਿਆ। ਮੁੱਢਲੀ ਜਾਂਚ ਵਿੱਚ ਉਸ ਨੇ ਖ਼ੁਦਕੁਸ਼ੀ ਕਰਨ ਦਾ ਖੁਲਾਸਾ ਕੀਤਾ ਹੈ ਅਤੇ ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਨੰਦ ਕਿਸ਼ੋਰ ਦੇ ਬੇਟੇ ਵਿਸ਼ਾਲ ਨੇ ਦੱਸਿਆ, 'ਪਿਤਾ ਜੀ ਕਾਫੀ ਸਮੇਂ ਤੋਂ ਬੀਮਾਰ ਸਨ। ਉਹ ਵੀ ਕੁਝ ਦਿਨਾਂ ਤੋਂ ਪ੍ਰੇਸ਼ਾਨ





















# ਟਰੱਕ ਯੂਨੀਅਨਾਂ ਖਿਲਾਫ ਸਖਤ ਹੋਈ ਸੂਬਾ ਸਰਕਾਰ, ਪੁਲਿਸ ਤੇ ਟਰਾਂਸਪੋਰਟ ਵਿਭਾਗ ਨੂੰ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ’ਤੇ ਸਖਤ ਕਾਰਵਾਈ ਦੇ ਆਦੇਸ਼



ਚੰਡੀਗੜ੍ਹ, 23 ਨਵੰਬਰ (ਪੋਸਟ ਬਿਊਰੋ): ਸੂਬੇ ਵਿੱਚ ਖਤਮ ਕੀਤੀਆਂ ਟਰੱਕ ਯੂਨੀਅਨਾਂ ਵੱਲੋਂ ਉਦਯੋਗਾਂ ਲਈ ਖੜ੍ਹੀਆਂ ਕੀਤੀਆਂ ਜਾ ਰਹੀਆਂ ਦਿੱਕਤਾਂ ਦਾ ਗੰਭੀਰ ਨੋਟਿਸ ਲੈਂਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ ਯੂਨੀਅਨਾਂ ਖਿਲਾਫ ਸਖਤ ਕਾਰਵਾਈ ਦੇ ਆਦੇਸ਼ ਦਿੱਤੇ ਗਏ ਹਨ।

ਉਦਯੋਗਾਂ ਨੂੰ ਦਰਪੇਸ਼ ਸਮੱਸਿਆਂ ਨੂੰ ਲੈ ਕੇ ਮੁੱਖ ਮੰਤਰੀ ਦੇ ਨਿਰਦੇਸ਼ਾਂ ਉਤੇ ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆਂ ਵੱਲੋਂ ਅੱਜ ਡੀ.ਜੀ.ਪੀ. ਗੌਰਵ ਯਾਦਵ ਦੀ ਹਾਜ਼ਰੀ ਵਿੱਚ ਟਰਾਂਸਪੋਰਟ, ਉਦਯੋਗ ਤੇ ਪੁਲਿਸ ਵਿਭਾਗ ਦੇ ਉਚ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਵਿੱਚ ਇਸ ਗੱਲ ਦਾ ਗੰਭੀਰ ਨੋਟਿਸ ਲਿਆ ਗਿਆ ਕਿ 13 ਦਸੰਬਰ 2017 ਤੋਂ ਟਰੱਕ ਯੂਨੀਅਨਾਂ ਨੂੰ ਭੰਗ ਕਰਨ ਦੇ ਬਾਵਜੂਦ ਵੀ ਉਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਾਰਵਾਈਆਂ ਨਾਲ ਉਦਯੋਗਾਂ ਨੂੰ ਭਾਰੀ ਦਿੱਕਤਾਂ ਆ ਰਹੀਆਂ ਹਨ।

ਮੁੱਖ ਸਕੱਤਰ ਨੇ ਟਰਾਂਸਪੋਰਟ ਤੇ ਪੁਲਿਸ ਵਿਭਾਗ ਨੂੰ 2017 ਵਿੱਚ ਭੰਗ ਦੇ ਕੀਤੇ ਹੁਕਮਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਉਣ ਲਈ ਆਖਿਆ। ਉਨ੍ਹਾਂ ਟਰਾਂਸਪੋਰਟ ਵਿਭਾਗ ਨੂੰ ਕਿਹਾ ਕਿ ਜੇਕਰ ਕੋਈ ਸਰਕਾਰ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਤਾਂ ਤੁਰੰਤ ਪਰਮਿਟ ਰੱਦ ਕੀਤਾ ਜਾਵੇ। ਇਸੇ ਤਰ੍ਹਾਂ ਉਨ੍ਹਾਂ ਪੁਲਿਸ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਫੀਲਡ ਵਿੱਚ ਸਖਤੀ ਨਾਲ ਚੈਕਿੰਗ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ 2017 ਵਿੱਚ ਜਾਰੀ ਨੋਟੀਫਿਕੇਸ਼ਨ ਦੀ ਪਾਲਣਾ ਹਰ ਹੀਲੇ ਕੀਤੀ ਜਾਵੇ। ਜੇਕਰ ਕੋਈ ਟਰੱਕ ਆਪਰੇਟਰ ਕਿਸੇ ਨੂੰ ਪ੍ਰੇਸ਼ਾਨ ਕਰਦਾ ਹੈ ਤਾਂ ਪੁਲਿਸ ਤੁਰੰਤ ਕੇਸ ਦਰਜ ਕਰੇ। ਉਨ੍ਹਾਂ ਕਿਹਾ ਕਿ ਕੋਈ ਵੀ ਟਰੱਕ ਯੂਨੀਅਨ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ।

ਮੀਟਿੰਗ ਵਿੱਚ ਡੀ.ਜੀ.ਪੀ. ਗੌਰਵ ਯਾਦਵ, ਪ੍ਰਮੁੱਖ ਸਕੱਤਰ ਉਦਯੋਗ ਦਿਲੀਪ ਕੁਮਾਰ, ਸਕੱਤਰ ਟਰਾਂਸਪੋਰਟ ਵਿਕਾਸ ਗਰਗ, ਸਟੇਟ ਟਰਾਂਸਪੋਰਟ ਕਮਿਸ਼ਨਰ ਵਿਮਲ ਸੇਤੀਆ, ਏ.ਡੀ.ਜੀ.ਪੀ. ਇੰਟੈਲੀਜੈਂਸ ਜਤਿੰਦਰ ਸਿੰਘ ਔਲਖ ਤੋਂ ਇਲਾਵਾ ਵੀਡਿਓ ਕਾਨਫਰੰਸ ਰਾਹੀਂ ਸੂਬੇ ਦੇ ਜ਼ਿਲ੍ਹਿਆਂ ਦੇ ਸਮੂਹ ਡਿਪਟੀ ਕਮਿਸ਼ਨਰ, ਕਮਿਸ਼ਨਰ ਪੁਲਿਸ, ਐਸ.ਐਸ.ਪੀ., ਜ਼ਿਲ੍ਹਾ ਉਦਯੋਗ ਕੇਂਦਰਾਂ ਦੇ ਜਨਰਲ ਮੈਨੇਜਰ ਅਤੇ ਜ਼ਿਲ੍ਹਾ ਟਰਾਂਸਪੋਰਟ ਅਫਸਰ ਹਾਜ਼ਰ ਹੋਏ।

# ਦੁਬਈ ’ਚ ਹੋਵੇਗਾ ਵਾਤਾਵਰਣ ਦਾ ਅਗਲਾ ਮਹਾਕੁੰਭ, -28 ’ਚ ਸ਼ਾਮਲ ਹੋਣਗੇ 140 ਦੇਸ਼ਾਂ ਦੇ ਨੇਤਾ ਅਤੇ 80 ਹਜਾਰ ਡੈਲੀਗੇਟ



ਦੁਬਈ, 23 ਨਵੰਬਰ (ਪੋਸਟ ਬਿਊਰੋ)- ਅਗਲੇ ਸਾਲ ਸੰਯੁਕਤ ਅਰਬ ਅਮੀਰਾਤ (ਯੂਏਈ) ਵਿੱਚ ਹੋਣ ਵਾਲੇ -28 ਵਿੱਚ 140 ਤੋਂ ਵੱਧ ਰਾਜਾਂ ਦੇ ਮੁਖੀ ਅਤੇ ਆਗੂ ਅਤੇ 80 ਹਜਾਰ ਤੋਂ ਵੱਧ ਡੈਲੀਗੇਟ ਹਿੱਸਾ ਲੈਣਗੇ। ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਬਾਰੇ ਸੰਯੁਕਤ ਰਾਸ਼ਟਰ ਦੇ ਦੇਸ਼ਾਂ ਦੀ ਕਾਨਫਰੰਸ ਨੂੰ ਕਿਹਾ ਜਾਂਦਾ ਹੈ। ਯੂਏਈ ਦੇ ਉਦਯੋਗ ਅਤੇ ਉੱਨਤ ਤਕਨਾਲੋਜੀ ਮੰਤਰੀ ਅਤੇ ਜਲਵਾਯੂ ਪਰਿਵਰਤਨ ਲਈ ਵਿਸ਼ੇਸ਼ ਦੂਤ ਸੁਲਤਾਨ ਅਹਿਮਦ ਅਲ ਜਾਬੇਰ ਨੇ ਇਹ ਜਾਣਕਾਰੀ ਦਿੱਤੀ। ਅਲ ਜਾਬਰ ਨੇ ਯੂਏਈ ਦੁਆਰਾ ਪਾਰਟੀਆਂ ਦੀ ਕਾਨਫਰੰਸ ਦੀ ਮੇਜ਼ਬਾਨੀ ਕਰਨ ਦੇ ਮਹੱਤਵ ਨੂੰ ਰੇਖਾਂਕਿਤ ਕੀਤਾ ਅਤੇ ਨੋਟ ਕੀਤਾ ਕਿ -28 ਇੱਕ ਮਹੱਤਵਪੂਰਨ ਵਿਸ਼ਵਵਿਆਪੀ ਸਮਾਗਮ ਹੋਵੇਗਾ, ਜੋ ਦੇਸ਼ ਦੇ ਰਾਸ਼ਟਰੀ ਦਿਵਸ 'ਤੇ ਦੁਬਈ ਵਿੱਚ ਆਯੋਜਿਤ ਕੀਤਾ ਜਾਵੇਗਾ।

ਉਨ੍ਹਾਂ ਮੰਗਲਵਾਰ ਨੂੰ ਕਿਹਾ, “2023 ਵਿੱਚ ਯੂਏਈ ਵਿੱਚ -28 ਦਾ ਆਯੋਜਨ ਕੀਤਾ ਜਾਵੇਗਾ। ਇਸ ਦੌਰਾਨ 140 ਤੋਂ ਵੱਧ ਰਾਜ ਦੇ ਮੁਖੀ ਅਤੇ ਨੇਤਾ, 80 ਹਜਾਰ ਤੋਂ ਵੱਧ ਡੈਲੀਗੇਟ ਅਤੇ 5,000 ਤੋਂ ਵੱਧ ਮੀਡੀਆ ਪੇਸ਼ੇਵਰ ਵੀ ਹਿੱਸਾ ਲੈਣਗੇ। ਉਨ੍ਹਾਂ ਅੱਗੇ ਕਿਹਾ ਕਿ ਯੂਏਈ ਦੇ ਦ੍ਰਿੜ ਇਰਾਦੇ, ਦੁਨੀਆ ਭਰ ਦੇ ਦੂਜੇ ਦੇਸ਼ਾਂ ਨਾਲ ਇਸਦੇ ਮਜ਼ਬੂਤ ਕੂਟਨੀਤਕ ਸਬੰਧ, ਅਤੇ ਜਲਵਾਯੂ ਕਾਰਵਾਈ 'ਤੇ ਇਸਦੀ ਵਿਵਹਾਰਕ ਸਥਿਤੀ ਅਤੇ ਊਰਜਾ ਖੇਤਰਾਂ ਵਿੱਚ ਇਸਦੇ ਤਜ਼ਰਬਿਆਂ ਨੇ ਦੇਸ਼ ਨੂੰ 2023 ਵਿੱਚ -28 ਦੀ ਮੇਜ਼ਬਾਨੀ ਕਰਨ ਲਈ 2021 ਵਿੱਚ ਇੱਕ ਅੰਤਰਰਾਸ਼ਟਰੀ ਸਹਿਮਤੀ ਤੱਕ ਪਹੁੰਚਣ ਲਈ ਅਗਵਾਈ ਕੀਤੀ ਹੈ।

# ਯੂਕਰੇਨ ਦੇ ਹਸਪਤਾਲ ’ਤੇ ਰੂਸੀ ਹਮਲੇ ’ਚ ਨਵਜੰਮੇ ਬੱਚੇ ਦੀ ਮੌਤ, ਮਲਬੇ ’ਚ ਫਸੇ ਲੋਕਾਂ ਨੂੰ ਕੱਢ ਰਹੇ ਬਚਾਅ ਕਰਮੀ



ਕੀਵ, 23 ਨਵੰਬਰ (ਪੋਸਟ ਬਿਊਰੋ)- ਯੂਕਰੇਨ ਦੇ ਮੈਟਰਨਿਟੀ ਵਾਰਡ 'ਤੇ ਰੂਸੀ ਹਮਲੇ 'ਚ ਇਕ ਨਵਜੰਮੇ ਬੱਚੇ ਦੀ ਮੌਤ ਹੋ ਗਈ। ਰੂਸ ਨੇ ਯੂਕਰੇਨ ਵਿੱਚ ਦੋ ਹੋਰ ਨਾਗਰਿਕ ਟਿਕਾਣਿਆਂ ਉੱਤੇ ਹਮਲਾ ਕੀਤਾ। ਅਧਿਕਾਰੀਆਂ ਨੇ ਕਿਹਾ ਕਿ ਬੁੱਧਵਾਰ ਨੂੰ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਨੇ "ਅੱਤਵਾਦ" ਅਤੇ "ਕਤਲ" ਲਈ ਰੂਸ ਨੂੰ ਜ਼ਿੰਮੇਵਾਰ ਠਹਿਰਾਇਆ। ਯੂਕਰੇਨ ਦੀਆਂ ਐਮਰਜੈਂਸੀ ਸੇਵਾਵਾਂ ਨੇ ਕਿਹਾ ਕਿ ਰੂਸੀ ਰਾਕੇਟ ਨੇ ਦੱਖਣੀ ਜ਼ਪੋਰਿਜ਼ਝਿਆ ਖੇਤਰ ਦੇ ਵਿਲਨਯਾਂਸਕ ਖੇਤਰ ਵਿੱਚ ਰਾਤ ਭਰ ਇੱਕ ਇਮਾਰਤ ’ਤੇ ਹਮਲਾ ਕੀਤਾ। ਇਸ ਤਾਜ਼ਾ ਹਮਲੇ ਵਿੱਚ ਇੱਕ ਮੈਡੀਕਲ ਸਹੂਲਤ ਵੀ ਨੁਕਸਾਨੀ ਗਈ ਸੀ।

ਉਨ੍ਹਾਂ ਅੱਗੇ ਕਿਹਾ ਕਿ ਹਮਲੇ ਦੇ ਸਮੇਂ ਇਮਾਰਤ ਵਿੱਚ ਇੱਕ ਨਵਜੰਮਿਆ ਬੱਚਾ, ਇੱਕ ਔਰਤ ਅਤੇ ਇੱਕ ਡਾਕਟਰ ਮੌਜੂਦ ਸਨ। ਹਮਲੇ 'ਚ ਬੱਚੇ ਦੀ ਮੌਤ ਹੋ ਗਈ ਜਦਕਿ ਔਰਤ ਅਤੇ ਡਾਕਟਰ ਨੂੰ ਮਲਬੇ 'ਚੋਂ ਬਚਾ ਲਿਆ ਗਿਆ। ਸ਼ੁਰੂਆਤੀ ਜਾਣਕਾਰੀ ਅਨੁਸਾਰ ਇਸ ਮਲਬੇ ਵਿੱਚ ਕੋਈ ਹੋਰ ਦੱਬਿਆ ਨਹੀਂ ਹੈ। 24 ਫਰਵਰੀ ਨੂੰ ਯੂਕਰੇਨ 'ਤੇ ਰੂਸ ਦਾ ਹਮਲਾ ਸ਼ੁਰੂ ਹੋਣ ਤੋਂ ਬਾਅਦ, ਰੂਸੀ ਹਵਾਈ ਹਮਲੇ ਵਾਰ-ਵਾਰ ਯੂਕਰੇਨ ਦੇ ਹਸਪਤਾਲਾਂ ਨੂੰ ਨਿਸ਼ਾਨਾ ਬਣਾ ਚੁੱਕੇ ਹਨ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ 427 Reality Inc. ਵਾਲੇ ਅਵਤਾਰ ਮਿਨਹਾਸ ਜੀ ਦੇ ਪਿਤਾ ਸਰਦਾਰ ਗੁਰਮੀਤ ਸਿੰਘ ਮਿਨਹਾਸ ਜੀ ਬੀਤੀ 22 ਨਵੰਬਰ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ।



ਸ. ਗੁਰਮੀਤ ਸਿੰਘ ਮਿਨਹਾਸ

ਉਨ੍ਹਾਂ ਦਾ ਅੰਤਿਮ ਸਸਕਾਰ 27 ਨਵੰਬਰ ਦਿਨ ਐਤਵਾਰ ਨੂੰ ਦੁਪਹਿਰ 1 ਵਜੇ ਤੋਂ 3 ਵਜੇ ਤੱਕ Brampton Crematorium & Visitation Centre , 30 Bramwin Ct, Brampton ਵਿਖੇ ਕੀਤਾ ਜਾਵੇਗਾ।

ਭੋਗ ਅਤੇ ਅੰਤਿਮ ਅਰਦਾਸ

27 ਨਵੰਬਰ, ਐਤਵਾਰ ਨੂੰ ਸ਼ਾਮ 4 ਵਜੇ ਤੋਂ 6 ਵਜੇ ਤੱਕ
Ontario Khalsa Darbar (Dixie Gurdwara),
7080 Dixie Rd, Mississauga

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 416-744-9393 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਮਾਜ ਨੂੰ ਸੰਵੇਦਨਸ਼ੀਲ ਬਣਾਉਣ ਵਿੱਚ ਲੇਖਕ, ਪੱਤਰਕਾਰ ਤੇ ਬੁੱਧੀਜੀਵੀ ਅੱਗੇ ਆਉਣ : ਮਨਦੀਪ ਸਿੰਘ ਸਿੱਧੂ

ਲੁਧਿਆਣਾ, 23 ਨਵੰਬਰ (ਗਿਆਨ ਸਿੰਘ): ਜੁਰਮ, ਨਸ਼ਾਖ਼ੋਰੀ ਤੇ ਹੋਰ ਕੁਰੀਤੀਆਂ ਵਧਣ ਦਾ ਮੁੱਖ ਕਾਰਨ ਸਮਾਜ ਵਿੱਚ ਵਧ ਰਹੀ ਸੰਵੇਦਨਹੀਣਤਾ ਹੈ। ਇਸ ਨੂੰ ਰੋਕਣ ਲਈ ਸਿਰਫ਼ ਪੁਲੀਸ ਹੀ ਨਹੀਂ ਸਗੋਂ ਲੇਖਕਾਂ, ਪੱਤਰਕਾਰਾਂ ਤੇ ਬੁੱਧੀਜੀਵੀਆਂ ਨੂੰ ਅੱਗੇ ਵਧ ਕੇ ਸਰਗਰਮ ਹੋਣ ਦੀ ਲੋੜ ਹੈ ਤਾਂ ਜੋ ਸੰਵੇਦਨਾ ਜਗਾ ਕੇ ਸਮਾਜ ਨੂੰ ਜਿਉਣ ਯੋਗ ਬਣਾਇਆ ਜਾ ਸਕੇ। ਲੁਧਿਆਣਾ ਦੇ ਪੁਲੀਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਪੰਜਾਬੀ ਲੇਖਕ ਤੇ ਆਪਣੇ ਸਰਕਾਰੀ ਕਾਲਿਜ ਮੁਕਤਸਰ ਦੇ ਸਹਿਪਾਠੀ ਪੰਜਾਬੀ ਕਵੀ ਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਮੀਤ ਪ੍ਰਧਾਨ ਤ੍ਰੈਲੋਚਨ ਲੋਚੀ ਦੀ ਅਗਵਾਈ ਚ ਉਨ੍ਹਾਂ ਨੂੰ ਮਿਲੇ ਲੇਖਕਾਂ ਸੁਸ਼ੀਲ ਦੋਸਾਂਝ ਤੇ ਕਮਲ ਦੋਸਾਂਝ ਤੇ ਆਧਾਰਿਤ ਵਫ਼ਦ ਨਾਲ ਗੱਲਬਾਤ ਕਰਦਿਆਂ ਕਿਹਾ। ਸਿੱਧੂ ਨੇ ਕਿਹਾ ਕਿ ਪੰਜਾਬ ਦੇ ਸਭ ਤੋਂ ਵੱਡੇ ਕਮਿਸ਼ਨਰੇਟ ਦੀਆਂ ਚੁਣੌਤੀਆ ਤੇ ਸਮੱਸਿਆਵਾਂ ਵੀ ਵੱਡੀਆਂ ਹਨ ਅਤੇ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਸਮਾਜ ਦੇ ਸਭ ਵਰਗਾਂ ਦੇ ਸਹਿਯੋਗ ਤੇ ਸਾਥ ਦੀ ਲੋੜ ਹੈ।

ਤ੍ਰੈਲੋਚਨ ਲੋਚੀ ਤੇ ਸੁਸ਼ੀਲ ਦੋਸਾਂਝ ਨੇ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਪੰਜਾਬੀ ਲੇਖਕਾਂ ਨੇ ਹਮੇਸ਼ਾਂ ਹੀ ਧਾਰਮਿਕ ਇਕਸੁਰਤਾ, ਨਸ਼ਾ ਮੁਕਤ ਸਮਾਜ ਉਸਾਰੀ ਤੇ ਸਮਾਜ ਨੂੰ ਜੋੜਨ ਦਾ ਕੰਮ ਹੀ ਕੀਤਾ ਹੈ। ਅਸੀਂ ਆਪਣੀਆਂ ਸੰਸਥਾਵਾਂ ਵੱਲੋਂ ਹੋਰ ਯਤਨ ਕਰਾਂਗੇ ਕਿ ਆਮ ਲੋਕਾਂ ਦੇ ਨਾਲ ਨਾਲ ਸਰਕਾਰੀ ਤੰਤਰ ਵਿੱਚ ਬੈਠੇ ਕਾਰਜਸ਼ੀਲ ਕਰਨੀਆਂ ਨੂੰ ਵੀ ਸਾਹਿੱਤ, ਕੋਮਲ ਕਲਾਵਾਂ ਤੇ ਸੰਗੀਤਕ ਸਰਗਰਮੀਆਂ ਰਾਹੀਂ ਸਮਾਜ ਨੂੰ ਜਿਉਣਯੋਗ ਬਣਾਉਣ ਦਾ ਮਾਹੌਲ ਬਣਾਇਆ ਜਾ ਸਕੇ। ਲੇਖਕਾਂ ਵੱਲੋਂ ਮਨਦੀਪ ਸਿੰਘ ਸਿੱਧੂ ਨੂੰ ਪੰਜਾਬੀ ਪੁਸਤਕਾਂ ਦਾ ਸੈੱਟ ਤੇ ਸੁਸ਼ੀਲ ਦੋਸਾਂਝ ਤੇ ਕਮਲ ਦੋਸਾਂਝ ਵੱਲੋਂ ਸੰਪਾਦਿਤ ਤ੍ਰੈਮਾਸਿਕ ਪੱਤਰ ਹੁਣ ਦਾ ਸੱਜਰਾ ਅੰਕ ਭੇਂਟ ਕੀਤਾ ਗਿਆ।

# ਸਾਰਾਗੜ੍ਹੀ ਜੰਗ ਸੰਬੰਧੀ ਸਚਿੱਤਰ ਪੁਸਤਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਸਮੇਤ ਅਹੁਦੇਦਾਰਾਂ ਨੂੰ ਭੇਂਟ



ਅੰਮ੍ਰਿਤਸਰ, 23 ਨਵੰਬਰ (ਪੋਸਟ ਬਿਊਰੋ): ਸਾਰਾਗੜ੍ਹੀ ਫਾਊਂਡੇਸ਼ਨ ਦੇ ਚੇਅਰਮੈਨ ਡਾ. ਗੁਰਿੰਦਰਪਾਲ ਸਿੰਘ ਜੋਸਨ ਵੱਲੋਂ ਵਿਸ਼ੇਸ਼ ਤੌਰ ’ਤੇ ਤਿਆਰ ਕੀਤੀ ਗਈ ਸਾਰਾਗੜ੍ਹੀ ਜੰਗ ਨਾਲ ਸਬੰਧਤ ਸਚਿੱਤਰ ਪੁਸਤਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸਮੁੱਚੇ ਅਹੁਦੇਦਾਰਾਂ ਅਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਭੇਟ ਕੀਤੀ ਗਈ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਗੁਰਿੰਦਰਪਾਲ ਸਿੰਘ ਜੋਸਨ ਵੱਲੋਂ ਸਾਰਾਗੜ੍ਹੀ ਜੰਗ ਦੇ ਇਤਿਹਾਸ ਨੂੰ ਸੰਗਤਾਂ ਤੱਕ ਲਿਜਾਣ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਸਮੇਂ ਡਾ. ਜੋਸਨ ਨੇ ਕਿਹਾ ਕਿ ਸਾਰਾਗੜ੍ਹੀ ਜੰਗ ਵਿਸ਼ਵ ਇਤਿਹਾਸ ਦਾ ਉਹ ਪੰਨਾ ਹੈ, ਜਿਸ ਨੇ ਸਿੱਖ ਫ਼ੌਜੀਆਂ ਦੀ ਬਹਾਦਰੀ ਨੂੰ ਪੂਰੀ ਦੁਨੀਆਂ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਣ ਦੀ ਗੱਲ ਹੈ ਕਿ ਅਸੀਂ ਅਜਿਹੇ ਸਿੱਖ ਬਹਾਦਰਾਂ ਦੇ ਵਾਰਸ ਹਾਂ। ਉਨ੍ਹਾਂ ਦੱਸਿਆ ਕਿ ਕੋਫੀ ਟੇਬਲ ਬੁੱਕ ਦੇ ਰੂਪ ਵਿਚ ਤਿਆਰ ਕੀਤੀ ਗਈ ਇਹ ਪੁਸਤਕ ਸਾਰਾਗੜ੍ਹੀ ਜੰਗ ਦੇ ਇਤਿਹਾਸ ਨੂੰ ਉਭਾਰਨ ਦੇ ਨਾਲ-ਨਾਲ ਸਿੱਖ ਕੌਮ ਦੀ ਪ੍ਰਾਪਤੀਆਂ ਤੋਂ ਸੰਗਤ ਨੂੰ ਜਾਣੂ ਕਰਵਾਏਗੀ। ਉਨ੍ਹਾਂ ਦੱਸਿਆ ਕਿ ਇਸ ਵਿਚ ਬੇਮਿਸਾਲ ਬਹਾਦਰੀ ਦੀ ਗਾਥਾ ਲਿਖਣ ਵਾਲੇ ਛੱਤੀ ਸਿੱਖ ਰੈਜੀਮੈਂਟ ਦੇ 21 ਸਿੱਖ ਸਿਪਾਹੀਆਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਸਾਰਾਗੜ੍ਹੀ ਫਾਊਂਡੇਸ਼ਨ ਦਾ ਯਤਨ ਸਾਰਾਗੜ੍ਹੀ ਦੀ ਜੰਗ ਦਾ ਇਤਿਹਾਸ ਵੱਧ ਤੋਂ ਵੱਧ ਪ੍ਰਚਾਰਨਾ ਅਤੇ ਭਵਿੱਖ ਦੀਆਂ ਪੀੜ੍ਹੀਆਂ ਤੱਕ ਲਿਜਾਣਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਸ. ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਅੰਤ੍ਰਿੰਗ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ, ਜਰਨੈਲ ਸਿੰਘ ਕਰਤਾਰਪੁਰ, ਸੁਰਜੀਤ ਸਿੰਘ ਤੁਗਲਵਾਲ, ਬਾਵਾ ਸਿੰਘ ਗੁਮਾਨਪੁਰਾ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਗੁਰਨਾਮ ਸਿੰਘ ਜੱਸਲ, ਪਰਮਜੀਤ ਸਿੰਘ ਖਾਲਸਾ, ਸ਼ੇਰ ਸਿੰਘ ਮੰਡਵਾਲਾ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ, ਭੁਪਿੰਦਰ ਸਿੰਘ ਅਸੰਧ ਤੇ ਮਲਕੀਤ ਸਿੰਘ ਚੰਗਾਲ, ਸਕੱਤਰ ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ, ਸਾਬਕਾ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

NATURAL HEALTH SOLUTIONS
Over 20 years Homeopathic/Holistic ways case solving experience

HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।

ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -



ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist

Phone: 647-779-5904
Address: 8 Camperdown Ave, Etobicoke.
Clinic hours: all appointment basis for client convenience

# ਮੂਨਲਾਈਟਿੰਗ-ਕੀ, ਕਿਉਂ ਅਤੇ ਸਮਾਜਿਕ ਪ੍ਰਭਾਵ?



ਡਾ.ਅਮਨਪ੍ਰੀਤ ਸਿੰਘ ਬਰਾੜ
96537-90000

ਕਾਰਪੋਰੇਟ ਸੈਕਟਰ ਵਿੱਚ ਪਿਛਲੇ ਕੁਝ ਦਿਨਾਂ ਤੋਂ ਇਕ ਲਫਜ਼ ਜੋ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਉਹ ਹੈ ਮੂਨਲਾਈਟਿੰਗ। ਮੂਨਲਾਈਟਿੰਗ ਤਹਿਤ 20ਅਗਸਤ, 2022 ਨੂੰ ਇਕ ਵੱਡੀ ਕੰਪਨੀ ਨੇ ਆਪਣੇ 300 ਮੁਲਾਜਮਾਂ ਨੂੰ ਨੌਕਰੀ ਤੋਂ ਕੱਢ ਦਿੱਤਾ। ਮੂਨਲਾਈਟਿੰਗ ਦਾ ਲਫਜ਼ੀ ਮਹਿਣਾ ਤਾਂ ਕਹਿ ਸਕਦੇ ਹੋ ਚੰਦਰਮਾ ਦੀ ਰੋਸ਼ਨੀ। ਪਰ ਕੰਪਨੀਆਂ ਦੇ ਮੁਲਾਜਮਾਂ ਲਈ ਮੂਨਲਾਈਟਿੰਗ ਦਾ ਮਤਲਬ ਹੈ ਕਿ ਡਿਊਟੀ ਤੋਂ ਬਾਅਦ ਕਿਸੇ ਹੋਰ ਜਗ੍ਹਾ ਕੰਮ ਕਰਨਾ। ਯਾਨੀ ਅੱਠ ਘੰਟੇ ਇਕ ਕਾਰਖਾਨੇ ਜਾਂ ਦਫਤਰ ਵਿੱਚ ਕੰਮ ਕੀਤਾ ਉਸ ਤੋਂ ਬਾਅਦ ਕਿਸੇ ਹੋਰ ਜਗ੍ਹਾ ਦੋ, ਚਾਰ, ਛੇ ਘੰਟੇ ਕੰਮ ਕਰ ਲਿਆ। ਸਾਡੇ ਦੇਸ਼ ਵਿੱਚ ਪੌਣ ਪਾਣੀ ਅਤੇ ਦੇਸ਼ ਦਾ ਕਾਮਿਆਂ ਦੀ ਸਿਹਤ ਨੂੰ ਮੁੱਖ ਰੱਖ ਕੇ ਅੱਠ ਘੰਟੇ ਕੰਮ ਕਰਨ ਦਾ ਨਿਯਮ ਬਣਾਇਆ ਗਿਆ ਸੀ ਭਾਵ ਆਮ ਆਦਮੀ 8 ਘੰਟੇ ਤਸੱਲੀ ਬਖਸ਼ ਕੰਮ ਕਰ ਸਕਦਾ ਹੈ ਉਸ ਤੋਂ ਵੱਧ ਸਮਾਂ ਉਸ ਤੋਂ ਕੰਮ ਲਉਗੇ ਤਾਂ ਕੰਮ ਘੱਟ ਹੋਵੇਗਾ ਤੇ ਕੰਮ ਕਰਨ ਵਾਲੇ ਦੀ ਸਿਹਤ ਤੇ ਅਸਰ ਵੀ ਪਵੇਗਾ। ਅਜ਼ਾਦੀ ਤੋਂ ਬਾਅਦ ਹੁਣ ਤੱਕ ਮੁਲਾਜ਼ਮਾਂ ਦੇ ਕੰਮ ਕਰਨ ਦੀ ਕਾਨੂੰਨੀ ਤੌਰ ਤੇ ਇਹੋ ਹੀ ਅਵੱਸਥਾ ਚੱਲ ਰਹੀ ਹੈ ਪਰ ਸਰਕਾਰ ਨੇ 2020 ਵਿੱਚ ਪੁਰਾਣੇ ਲੇਬਰ ਕਾਨੂੰਨ ਬਦਲ ਦਿੱਤੇ ਅਤੇ ਲੇਬਰ ਦੇ ਕੰਮ ਕਰਨ ਦਾ ਸਮਾਂ 12 ਘੰਟੇ ਤੱਕ ਵਧਾ ਦਿੱਤਾ ਯਾਨੀ ਪਹਿਲਾਂ 8 ਘੰਟੇ ਤੋਂ ਵੱਧ ਸਮੇਂ ਦਾ ਮੁਆਵਜ਼ਾ (ਓਵਰ ਟਾਈਮ) ਮਿਲਦਾ ਸੀ ਯਾਨੀ 12 ਘੰਟੇ ਤੱਕ ਲੇਬਰ ਤੋਂ ਕੰਮ ਕਰਵਾਉਣਾ ਕਾਨੂੰਨੀ ਦਾਇਰੇ ਵਿੱਚ ਹੀ ਹੈ। ਇਸ ਨੂੰ ਲੇਬਰ ਨੇ ਆਪਣੇ ਤੌਰ ਤੇ ਅੱਗੇ ਵਧਾ ਲਿਆ ਅਤੇ ਉਸ ਨੇ ਵੀ 8 ਘੰਟੇ ਬਾਅਦ ਕਿਤੇ ਹੋਰ ਕੰਮ ਲੱਭਣ ਦੀ ਕੋਸ਼ਿਸ਼ ਕੀਤੀ ਕਿਉਂਕਿ ਮਹਿੰਗਾਈ ਕਾਰਨ ਪ੍ਰਾਈਵੇਟ ਨੌਕਰੀ ਕਰਨ ਵਾਲਿਆਂ ਦੇ ਖਰਚੇ ਪੂਰੇ ਨਹੀਂ ਹੁੰਦੇ।

ਟੈਕ ਮਹਿੰਦਰਾ ਗਰੁੱਪ ਦੇ ਮੁੱਖ ਕਾਰਜਕਾਰੀ ਨੇ ਆਪਣੀ ਹੀ ਇੰਡਸਟਰੀ ਤੇ ਸਵਾਲ ਚੁੱਕੇ ਹਨ ਅਤੇ ਦੱਸਿਆ ਹੈ ਕਿ ਕਿਵੇਂ ਹੇਠਲੇ ਪੱਧਰ ਤੇ ਸਾਫਟਵੇਅਰ ਇੰਜਨੀਅਰਾਂ ਦੇ ਨਿਰਮਾਤਾਵਾਂ ਦਾ ਆਰਥਿਕ ਸ਼ੋਸ਼ਣ ਹੁੰਦਾ ਹੈ। ਮੂਨਲਾਈਟਿੰਗ ਦੀ ਸਪੋਰਟ ਵਿੱਚ ਸਾਡੇ ਕੇਂਦਰੀ ਰਾਜ ਮੰਤਰੀ "ਹੁੰਨਰ ਵਿਕਾਸ ਤੇ ਉੱਦਮਿਤਾ" (Skill Development and Entrepreneurship) ਨੇ ਵੀ ਦੂਜੇ ਕੰਮ ਦੀ ਵਕਾਲਤ ਕੀਤੀ ਅਤੇ ਕਿਹਾ ਕਿ ਹੁਣ ਹਾਲਾਤ ਬਦਲ ਰਹੇ ਹਨ ਅਤੇ ਇੰਡਸਟਰੀ ਨੂੰ ਵੀ ਇਸ ਦੇ ਨਾਲ ਚੱਲਣ ਦੀ ਲੋੜ ਹੈ। ਪਰ ਸ਼ਾਇਦ ਇਹ ਭੁੱਲ ਗਏ ਕਿ ਅੱਜ ਵੀ ਜੋ ਕਾਨੂੰਨ ਹਨ, ਉਨ੍ਹਾਂ ਤਹਿਤ ਦੂਜੇ ਕੰਮ ਦੀ ਇਜਾਜ਼ਤ ਨਹੀਂ ਅਤੇ ਜਿਹਨਾਂ ਚਿਰ ਇਹ ਕਾਨੂੰਨ ਬਦਲਿਆ ਨਹੀਂ ਜਾਂਦਾ ਉਨ੍ਹਾਂ ਚਿਰ ਇਹ ਬਹਿਸ ਕਿਸੇ ਸਿਰ ਨਹੀਂ ਲੱਗਣੀ।

ਇਸ ਵੇਲੇ ਹੋਰ ਵੱਡੀ ਗੱਲ ਸੋਚਣ ਤੇ ਵਿਚਾਰਣ ਵਾਲੀ ਹੈ ਕਿ ਜਿਹੜੇ ਨਵੇਂ ਲੇਬਰ ਕਾਨੂੰਨ 2020 ਵਿੱਚ ਬਣਾਏ ਗਏ ਹਨ ਉਹ ਵੀ ਇਸ ਦੇ (ਮੂਨਲਾਈਟਿੰਗ) ਦੇ ਹੱਕ ਵਿੱਚ ਨਹੀਂ। ਕਹਿਣ ਦਾ ਭਾਵ ਕਿ ਨਵੇਂ ਲੇਬਰ ਕਾਨੂੰਨ ਕਾਰਪੋਰੇਟਰਾਂ ਦੇ ਹੱਕ ਵਿੱਚ ਹਨ ਤਾਂ ਕਿ ਉਹਨਾਂ ਨੂੰ ਵਪਾਰ ਕਰਨਾ ਸੁਖਾਲਾ ਹੋ ਸਕੇ। ਨਵੇਂ ਨਿਯਮਾਂ ਤਹਿਤ ਸਭ ਤੋਂ ਪਹਿਲਾਂ ਕੰਮ ਸਰਕਾਰ ਨੇ ਕੀਤਾ ਕਿ 8 ਘੰਟੇ ਵਾਲੀ ਦਿਹਾੜੀ ਵਧਾ ਕਿ 12 ਘੰਟੇ ਤੱਕ ਦੀ ਕਰ ਦਿੱਤੀ ਗਈ। ਯਾਨੀ ਕਿ ਓਵਰ ਟਾਈਮ ਦਾ ਮੁੱਦਾ ਹੀ ਖਤਮ ਕਰ ਦਿੱਤਾ। ਇਸ ਤੋਂ ਅੱਗੇ ਇੰਡਸਟਰੀਅਲ ਰਿਲੇਸ਼ਨ ਕੋਡ ਬਿੱਲ ਤਹਿਤ ਉਸ ਮੁਤਾਬਕ ਜੋ ਵਿਅਕਤੀ 18000 ਰੁਪਏ ਤੋਂ ਉੱਪਰ ਤਨਖਾਹ ਲੈਂਦੇ ਹਨ ਉਹਨਾਂ ਨੂੰ ਕਿਸੇ ਨਿਰਧਾਰਤ ਸਮੇਂ (ਯਾਨੀ 2-3) ਸਾਲ ਲਈ ਰੱਖਿਆ ਜਾ ਸਕਦਾ ਹੈ ਉਸਨੂੰ ਸਾਰੇ ਹੱਕ ਪੱਕੇ ਵਾਲੇ ਮਿਲਣਗੇ, ਪਰ ਉਸ ਨੂੰ ਕਦੋਂ ਵੀ ਬਿਨਾਂ ਕਿਸੇ ਨੋਟਿਸ ਤੇ ਕੱਢਿਆ ਜਾ ਸਕਦਾ ਹੈ। ਇਸ ਦੀ ਤਾਜ਼ਾ ਉਦਾਹਰਣ ਹੈ ਫੋਰਡ ਕੰਪਨੀ, ਜਦੋਂ ਦਾ ਫੋਰਡ ਕੰਪਨੀ ਨੇ ਭਾਰਤ ਵਿੱਚੋਂ ਆਪਣਾ ਕੰਮ ਬੰਦ ਕਰਨ ਦਾ ਫੈਸਲਾ ਕੀਤਾ ਹੈ। ਉਸਨੂੰ ਆਪਣੇ ਮੁਲਾਜਮਾਂ ਨੂੰ ਵੱਖ-ਵੱਖ ਤਰ੍ਹਾਂ ਦੇ ਪੈਕਜ਼ ਦੇ ਕੇ ਕੱਢਣਾ ਪੈ ਰਿਹਾ ਹੈ ਪਰ ਜੇ ਉਪਰੋਕਤ ਲੇਬਰ ਕਾਨੂੰਨ ਤਹਿਤ ਰੱਖੇ ਹੁੰਦੇ ਤਾਂ ਬਿਨਾਂ ਕੁਝ ਦਿੱਤੇ ਹੀ ਕੱਢ ਦੇਣਾ ਸੀ। ਇਸ ਵਿੱਚ ਇਕ ਹੋਰ ਵੱਡੀ ਗੱਲ ਹੈ ਕਿ ਕੋਈ ਠੇਕੇ ਦਾ ਮੁਲਾਜਮ ਯੂਨੀਅਨ ਦਾ ਮੈਂਬਰ ਨਹੀਂ ਬਣ ਸਕਦਾ। ਕਾਰਪੋਰੇਟ ਨਾਲ ਸਿਰਫ ਯੂਨੀਅਨ ਹੀ ਗੱਲ ਕਰੇਗੀ ਅਤੇ ਜਿਥੇ ਇਕ ਤੋਂ ਵੱਧ ਯੂਨੀਅਨ ਹਨ ਉਥੇ ਉਹ ਯੂਨੀਅਨ ਗੱਲ ਕਰੇਗੀ, ਜਿਸ ਕੋਲ 51% ਤੋਂ ਜ਼ਿਆਦਾ ਮੈਂਬਰ ਹਨ, ਕੁੱਲ ਮੁਲਾਜਮਾ ਦੇ। ਇਸ ਨੂੰ ਇਸ ਸੰਦਰਭ ਵਿੱਚ ਦੇਖਿਆ ਜਾ ਸਕਦਾ ਹੈ ਕਿ ਯੂਨੀਅਨ ਨੂੰ ਵੀ ਵੰਡਿਆ ਜਾ ਰਿਹਾ ਹੈ ਤਾਂ ਕਿ ਕੋਈ ਪੈਰਵੀ ਕਰਨ ਵਾਲਾ ਹੀ ਨਾ ਹੋਵੇ। ਜੇ ਇਕ ਕੰਪਨੀ ਵਿੱਚ ਤਿੰਨ ਯੂਨੀਅਨਾਂ ਖੜੀਆਂ ਕਰ ਦਿਓ ਆਪੇ ਹੀ ਯੂਨੀਅਨ ਦੇ ਹੱਕ ਖਤਮ।

ਇਸ ਦੇ ਨਾਲ ਹੀ ਇਸ ਦੇ ਅਧੀਨ ਲੇਬਰ ਕੋਰਟ ਬੰਦ ਕਰ ਦਿੱਤੇ ਜਾਣਗੇ ਤੇ ਉਦਯੋਗਿਕ ਵਿਵਾਦ ਟ੍ਰਿਬਿਊਨਲ ਬਣਾਇਆ ਜਾਵੇਗਾ, ਜਿਸ ਦੇ ਮੈਂਬਰ ਸਰਕਾਰੀ ਵਿਅਕਤੀ ਹੋਣਗੇ ਜੋ ਫੇਰ ਵੱਡੇ ਕਾਰਪੋਰੇਟ ਦੀ ਗੱਲ ਜਿਆਦਾ ਸੁਣਨਗੇ ਜਾਵੇਗੀ ਕਿਉਂਕਿ ਉਹਨਾਂ ਦੀ ਵਕਾਲਤ ਕਰਨ ਵਾਲੇ ਜ਼ਿਆਦਾ ਤਰਕ ਅਤੇ ਸਲੀਕੇ ਨਾਲ ਗੱਲ ਕਰਨਗੇ ਅਤੇ ਲੇਬਰ ਵਾਲੇ ਘੱਟ ਪੜ੍ਹੇ ਲਿਖੇ ਹੋਣ ਕਰਕੇ ਕਈ ਵੇਰ ਖਰਵਾ ਬੋਲ ਜਾਂਦੇ ਹਨ ਉਥੇ ਅਫਸਰਸ਼ਾਹੀ ਜਾਗ ਪਵੇਗੀ। ਜੇ ਮੁਲਾਜਮ ਹੜਤਾਲ ਕਰਨਾ ਚਾਹੁੰਣਗੇ ਤਾਂ ਉਹਨਾਂ ਨੂੰ ਘੱਟੋ ਘੱਟ 60 ਦਿਨਾਂ ਦਾ ਨੋਟਿਸ ਦੇਣਾ ਪਊਗਾ ਤੇ ਜਿਨ੍ਹਾਂ ਚਿਰ ਕੇਸ ਟ੍ਰਿਬਿਊਨਲ ਕੋਲ ਚੱਲਦਾ ਹੈ ਉਨ੍ਹਾਂ ਚਿਰ ਹੜਤਾਲ ਨਹੀਂ ਹੋ ਸਕਦੀ। ਟ੍ਰਿਬਿਊਨਲ ਦੇ ਫੈਸਲੇ ਤੋਂ ਬਾਅਦ ਵੀ 60 ਦਿਨ ਦਾ ਨੋਟਿਸ ਜ਼ਰੂਰੀ ਹੈ।

ਇਸ ਵੇਲੇ ਆਈ ਟੀ ਸੈਕਟਰ ਵਿੱਚ ਗੱਲ ਚੱਲ ਰਹੀ ਹੈ ਕਿ ਹਰ ਇਕ ਦਾ ਸਕਰੀਨ ਟਾਈਮ ਚੈੱਕ ਕੀਤਾ ਜਾਊਗਾ। ਕਹਿਣ ਦਾ ਭਾਵ ਕਿ ਉਹ 8 ਘੰਟੇ ਸਕਰੀਨ ਦੇ ਸਾਹਮਣੇ ਰਿਹਾ ਹੈ ਜਾਂ ਨਹੀਂ। ਇਸ ਵਿੱਚ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਤੁਸੀਂ ਉਸਨੂੰ ਸਕਰੀਨ ਦੇ ਸਾਹਮਣੇ ਤਾਂ ਬਿਠਾ ਲਿਆ ਪਰ ਕੀ ਉਸਦੀ ਕੁਸ਼ਲਤਾ ਨਾਪ ਪਾਉਗੇ। ਜਿਹੜਾ ਕੰਮ ਉਸਨੇ 4-5 ਘੰਟੇ ਵਿੱਚ ਕਰ ਲੈਣਾ ਸੀ ਹੁਣ ਉਹ 8 ਘੰਟੇ ਲਾ ਕੇ ਹੀ ਖਤਮ ਕਰੇਗਾ। ਇਸ ਵਿੱਚ ਸਭ ਤੋਂ ਵੱਡੀ ਗੱਲ ਹੈ ਕਿ ਮੁਲਾਜਮਾਂ ਦੀ ਗੋਪਨੀਅਤਾ (ਫਰਵਿਓਚੇ) ਤੇ ਵੀ ਹਮਲਾ ਯਾਨੀ ਉਹ ਕੀ ਕੰਮ ਕਰ ਰਿਹਾ ਹੈ ਕਿਸ ਦਾ ਕਰ ਰਿਹਾ ਹੈ ਉਸਦਾ ਵੇਰਵਾ ਵੀ ਦੇਣਾ ਹੋਵੇਗਾ। ਇਸ ਦਾ ਸਿੱਧਾ ਅਸਰ ਪਏਗਾ ਸਟਾਰਟ ਅੱਪ ਉੱਪਰ ਕਿਉਂਕਿ ਉਹਨਾਂ ਦੇ ਪ੍ਰੋਜੈਕਟ ਪਾਰਟ ਟਾਈਮ ਵਾਲੇ ਘੱਟ ਪੈਸਿਆਂ ਵਿੱਚ ਕਰਵਾਉਂਦੇ ਸੀ। ਇਸ ਨਾਲ ਉਹਨਾਂ ਦੇ ਪ੍ਰੋਜੈਕਟ ਵੱਡੀਆਂ ਕੰਪਨੀਆਂ ਕੋਲ ਲੀਕ ਹੋਣ ਦਾ ਖਤਰਾ ਵੀ ਹੋ ਜਾਵੇਗਾ। ਹਾਲਾਂਕਿ ਮੁਲਾਜਮਾਂ ਦਾ ਤਰਕ ਹੈ ਕਿ ਜੇ ਉਹਨਾਂ ਨੂੰ ਕੰਪਨੀ ਕੱਢ ਦਿੰਦੀ ਹੈ ਤਾਂ ਉਹਨਾਂ ਕੋਲ ਮਲਟੀਪਲ ਸਕਿਲ ਚਾਹੀਦੀ ਹੈ ਕਿ ਉਹ ਹੋਰ ਕਿਤੇ ਰੋਜ਼ਗਾਰ ਲੈ ਸਕਣ ਕਿਉਂਕਿ ਆਈ ਟੀ ਖੇਤਰ ਵਿੱਚ ਟੈਕਨਾਲੋਜੀ ਆਏ ਦਿਨ ਬਦਲ ਜਾਂਦੀ ਹੈ ਇਸ ਦਾ ਸਿਹਤ ਤੇ ਵੀ ਅਸਰ ਪੈਂਦਾ ਹੈ। ਇਕ ਤਾਂ ਸਾਰਾ ਦਿਨ ਅੰਦਰ ਬੈਠੇ ਰਹਿਣਾ ਜਿਸ ਨਾਲ ਵਿਟਾਮਿਨ ਡੀ-3 ਦੀ ਕਮੀ ਹੋਣਾ ਸ਼ੁਰੂ ਹੋ ਜਾਂਦੀ ਹੈ। ਦੂਜਾ ਇਸ ਨਾਲ ਅੱਖਾਂ ਤੇ ਸਿੱਧਾ ਅਸਰ ਹੈ ਜਿਸ ਨਾਲ ਮਾਈਗ੍ਰੇਨ ਦੀ ਸਮੱਸਿਆ ਵੱਧਦੀ ਜਾ ਰਹੀ ਹੈ। ਇਸ ਨੂੰ ਕੈਂਸਰ ਦਾ ਕਾਰਨ ਵੀ ਮੰਨਿਆ ਜਾਂਦਾ ਹੈ ਪਰ ਇਸ ਤੇ ਕੋਈ ਪੁਖਤਾ ਰੀਸਰਚ ਨਹੀਂ ਹੈ ਅਜੇ ਤੱਕ ਕਿ ਤੁਸੀਂ ਕੰਪਿਊਟਰ ਤੇ ਕਿੰਨੇ ਘੰਟੇ ਕੰਮ ਕਰ ਸਕਦੇ ਹੋ। ਇਸ ਵੇਲੇ ਭਾਰਤ ਵਿੱਚ ਆਈ ਟੀ (ਇਨਫਰਮੈਸ਼ਨ ਟੈਕਨਾਲੋਜੀ) ਸੈਕਟਰ ਤਕਰੀਬਨ 22700 ਕਰੋੜ ਡਾਲਰ ਦਾ ਹੈ ਅਤੇ ਇਸ ਦੇ 30,000-35000 ਕਰੋੜ ਡਾਲਰ ਦੇ ਪਹੁੰਚਣ ਦੀ ਉਮੀਦ ਹੈ।

ਇਸ ਸਾਰੇ ਦੇ ਵਿੱਚ ਕਿਸੇ ਦਾ ਧਿਆਨ ਨਹੀਂ ਗਿਆ ਕਿ ਦੇਸ਼ ਦੇ ਦੋ ਵੱਡੇ ਘਰਾਣਿਆਂ ਨੇ ਆਪਸ ਵਿੱਚ ਸਮਝੌਤਾ ਕੀਤਾ ਹੈ ਕਿ ਉਹ ਇਕ ਦੂਜੇ ਦੇ ਮੁਲਾਜਮਾਂ ਨੂੰ ਨੌਕਰੀ ਤੇ ਨਹੀਂ ਰੱਖਣਗੇ। (No Poaching Agreement) ਇਸ ਦਾ ਸਿੱਧਾ ਅਰਥ ਹੈ ਕਿ ਹਜ਼ਾਰਾਂ ਦੀ ਗਣਤੀ ਵਿੱਚ ਮੁਲਾਜਮ ਇਕੋ ਕੰਪਨੀ ਦੇ ਰਹਿਮੋ-ਕਰਮ ਤੇ ਰਹਿਣਗੇ। ਉਹ ਆਪਣੀ ਕਾਬਲੀਅਤ ਨਾਲ ਤਰੱਕੀ ਲਈ ਕੰਪਨੀ ਨਹੀਂ ਬਦਲ ਸਕਦੇ। ਇਹ ਖਬਰ 22 ਸਤੰਬਰ, 2022 ਦੇ ਬਿਜ਼ਨਸ ਸਟੈਂਡਰਡ ਵਿੱਚ ਛਪੀ ਹੈ। ਇਸ ਦੇ ਪਿੱਛੇ ਤਰਕ ਦਿੱਤਾ ਗਿਆ ਹੈ ਕਿ ਇਸ ਕਾਰਨ ਕੰਪਨੀਆਂ ਨੂੰ ਘਾਟਾ ਸਹਿਣਾ ਪੈਂਦਾ ਹੈ ਕਿਉਂਕਿ ਬਜ਼ਾਰ ਵਿੱਚ ਤਕਨੀਕੀ ਮਾਹਿਰਾਂ ਦੀ ਕਮੀ ਹੈ ਇਸ ਕਰਕੇ ਕੰਪਨੀਆਂ ਦੂਜੀਆਂ ਕੰਪਨੀਆਂ ਦੇ ਮੁਲਾਜਮਾਂ ਨੂੰ ਵੱਧ ਤਨਖਾਹ ਤੇ ਖਿਚਣਾ ਪੈਂਦਾ ਹੈ। ਕੀ ਇਹ ਲੇਬਰ ਮਾਰਕਿਟ ਵਿੱਚ ਮਨਾਪਲੀ ਨਹੀਂ? ਪਰ ਅਜੇ ਤੱਕ ਕੋਈ ਕਾਨੂੰਨ ਨਹੀਂ ਜਿਹੜਾ ਇਹੋ ਜਿਹੇ ਕੰਨਟਰੈਕਟ ਨੂੰ ਗੈਰ ਕਾਨੂੰਨੀ ਕਹਿ ਸਕੇ।

ਅੱਜ ਹਾਲਾਤ ਇਹ ਹਨ ਕਿ ਕੋਈ ਕਾਰਪੋਰੇਟ ਖੁਸ਼ੀ ਨਾਲ ਹੇਠਲੇ ਮੁਲਾਜ਼ਮਾਂ ਨੂੰ ਸਹੂਲਤਾਂ ਦੇਣ ਨੂੰ ਤਿਆਰ ਨਹੀਂ, ਸਿਰਫ ਮਜ਼ਬੂਰੀ ਵੱਸ ਦੇਣੀਆਂ ਪੈਂਦੀਆਂ ਹਨ। ਇਸ ਨਾਲ ਹੁੰਦਾ ਕੀ ਹੈ ਕਿ ਜਦੋਂ ਲੋਕਾਂ ਦਾ ਗੁਜ਼ਾਰਾ ਨਹੀਂ ਚੱਲਦਾ ਤਾਂ ਉਹ ਦੂਜੀ ਜਗ੍ਹਾ ਹੱਥ ਪੈਰ ਮਾਰਦੇ ਹਨ ਅਤੇ ਜਿਸ ਨਾਲ ਆਈ ਟੀ ਖੇਤਰ ਵਿੱਚ ਮੁਲਾਜਮਾਂ ਦੀ ਅਦਲਾ-ਬਦਲੀ ਤਕਰੀਬਨ 25% ਤੇ ਚੱਲ ਰਹੀ ਹੈ। ਜਿਸਨੂੰ ਕਾਰਪੋਰੇਟ ਆਪਣੇ ਤੇ ਵਿੱਤੀ ਭਾਰ ਵਜੋਂ ਲੈਂਦੇ ਹਨ। ਪਰ ਕਦੇ ਇਹ ਨਹੀਂ ਸੋਚਦੇ ਕਿ ਇਸ ਵਿੱਤੀ ਭਾਰ ਤੋਂ ਬੱਚਿਆ ਜਾ ਸਕਦਾ ਹੈ ਜੇ ਆਪਣੇ ਮੁਲਾਜਮਾਂ ਦਾ ਧਿਆਨ ਰੱਖ ਕਿ ਤਨਖਾਹ ਉਹਨਾਂ ਦੀਆਂ ਜ਼ਰੂਰਤਾਂ ਤੇ ਮਹਿੰਗਾਈ ਦੇ ਅਨੁਕੂਲ ਹੋਵੇ।

ਇਸ ਵੇਲੇ ਸਰਕਾਰਾਂ ਤੇ ਕਾਰਪੋਰੇਟਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਦੇਸ਼ ਦੀ ਤਰੱਕੀ ਵਿੱਚ ਸਭ ਦਾ ਹੱਥ ਹੈ ਅਤੇ ਜੇ ਜੀ ਡੀ ਪੀ ਵਿੱਚ ਵਾਧਾ ਹੁੰਦਾ ਹੈ ਤਾਂ ਉਸ ਦਾ ਲਾਭ ਹੇਠਾਂ ਤੱਕ ਪਹੁੰਚਣਾ ਚਾਹੀਦਾ ਹੈ। ਇਸ ਵੇਲੇ ਹੋ ਕੀ ਰਿਹਾ ਹੈ ਕਿ ਸ਼ੋਸ਼ਣ ਦੋਨੋਂ ਪਾਸੇ ਹੋ ਰਿਹਾ ਹੈ। ਜਿਹੜੇ ਮੁਲਾਜਮ ਸਰਕਾਰੀ ਨੌਕਰੀ ਤੇ ਲੱਗ ਜਾਂਦੇ ਹਨ ਕੁਝ-ਇਕ ਨੂੰ ਛੱਡ ਕੇ ਬਾਕੀ ਸਰਕਾਰ ਅਤੇ ਲੋਕਾਂ ਦੋਨਾਂ ਦਾ ਸ਼ੋਸ਼ਣ ਕਰਦੇ ਹਨ। ਸਰਕਾਰੀ ਨੌਕਰੀ ਮਿਲ ਗਈ ਕੱਢ ਕੋਈ ਸਕਦਾ ਨਹੀਂ ਹੁਣ ਕੰਮ ਦੀ ਕੀ ਲੋੜ ਜਿਸਨੇ ਕੰਮ ਕਰਵਾਉਣਾ ਹੈ ਉਹ ਪੈਸੇ ਕੱਢੇ ਭਾਵ ਖੁਸ਼ ਹੋ ਕੇ ਕੰਮ ਨਹੀਂ ਕਰਨਾ। ਦੂਜੇ ਪਾਸੇ ਜਿਹੜੇ ਪ੍ਰਾਈਵੇਟ ਵਿੱਚ ਲੱਗੇ ਹਨ ਉਹਨਾਂ ਮੁਲਾਜਮਾਂ ਦਾ ਕਚੂੰਬਰ ਕੰਪਨੀਆਂ ਕੱਢਦੀਆਂ ਹਨ, ਤਨਖਾਹ ਘੱਟ ਕੰਮ ਜ਼ਿਆਦਾ। ਇਹਨਾਂ ਨੂੰ ਵੇਖ ਕੇ ਸਰਕਾਰ ਨੇ ਵੀ ਪੱਕਿਆਂ ਦੀ ਜਗ੍ਹਾ ਠੇਕੇ ਤੇ ਰੱਖਣੇ ਸ਼ੁਰੂ ਕਰ ਦਿੱਤੇ। ਸ਼ੋਸ਼ਣ ਕਿਸੇ ਦਾ ਵੀ ਚੰਗਾ ਨਹੀਂ ਹੁੰਦਾ ਇਹੋ ਜਿਹੀਸਥਿਤੀ ਸਭਿਅਕ ਸਮਾਜ ਅਤੇ ਦੇਸ਼ ਦੀ ਤਰੱਕੀ ਲਈ ਅਨਕੂਲ ਨਹੀਂ।

# ਧਿਆਨ ਨਾਲ ਸੁਣੋ, ਧਿਆਨ ਨਾਲ ਬੋਲੋ, ਧਿਆਨ ਨਾਲ ਪੜ੍ਹੋ, ਧਿਆਨ ਨਾਲ ਲਿਖੋ

-ਵਿਜੈ ਗਰਗ-

ਅਕਸਰ ਘਰ ਦੇ ਬਜ਼ੁਰਗ ਅਤੇ ਆਂਢ-ਗੁਆਂਢ ਦੇ ਲੋਕ ਸਾਨੂੰ ਬਚਪਨ ਤੋਂ ਹੀ ਸਿਖਾਉਂਦੇ ਰਹੇ ਹਨ ਕਿ ਧਿਆਨ ਨਾਲ ਸੁਣੋ, ਧਿਆਨ ਨਾਲ ਬੋਲੋ, ਧਿਆਨ ਨਾਲ ਪੜ੍ਹੋ, ਧਿਆਨ ਨਾਲ ਲਿਖੋ, ਧਿਆਨ ਨਾਲ ਦੇਖੋ, ਧਿਆਨ ਨਾਲ ਉੱਠੋ, ਆਓ, ਖਾਓ, ਪੀਓ। ਭਾਵ, ਸਭ ਕੁਝ ਧਿਆਨ ਨਾਲ ਕਰੋ। ਪਰ ਕੀ ਇਹ ਉਹ ਚੀਜ਼ ਹੈ ਜੋ ਸਾਨੂੰ ਇਸ ਤਰ੍ਹਾਂ ਹੀ ਮਿਲੇਗੀ? ਇਹ ਕਿਸ ਪੰਛੀ ਦਾ ਨਾਮ ਹੈ? ਬੰਦ ਅੱਖਾਂ ਵਾਲੇ ਸੰਤਾਂ ਦੀ ਤਸਵੀਰ ਦੇਖ ਕੇ ਅਸੀਂ ਅਕਸਰ ਪੁੱਛਦੇ ਹਾਂ ਕਿ ਉਨ੍ਹਾਂ ਨੇ ਅੱਖਾਂ ਕਿਉਂ ਬੰਦ ਕੀਤੀਆਂ ਹਨ, ਤਾਂ ਜਵਾਬ ਵਿੱਚ ਸਾਨੂੰ ਜਵਾਬ ਮਿਲਦਾ ਹੈ ਕਿ ਉਨ੍ਹਾਂ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਹਨ। ਉਹ ਬਹੁਤ ਗਿਆਨਵਾਨ ਅਤੇ ਸਿਮਰਨ ਕਰਨ ਵਾਲਾ ਹੈ, ਉਹ ਸਿਮਰਦਾ ਬੈਠਾ ਹੈ। ਜਿਸ ਦੇ ਸਿਮਰਨ ਵਿੱਚ ਤੂੰ ਬੈਠਾ ਹੈਂ, ਤਦੋਂ ਤੈਨੂੰ ਉੱਤਰ ਮਿਲਿਆ, ਵਾਹਿਗੁਰੂ ਦਾ। ਇਸ ਦ੍ਰਿਸ਼ਟਾਂਤ ਤੋਂ ਪਤਾ ਲੱਗਾ ਕਿ ਸਿਮਰਨ ਦਾ ਅਰਥ ਹੈ ਅੱਖਾਂ ਬੰਦ ਕਰਕੇ ਪਰਮਾਤਮਾ ਨੂੰ ਯਾਦ ਕਰਨਾ। ਜਦੋਂ ਮੈਂ ਆਪ ਅੱਖਾਂ ਬੰਦ ਕਰਕੇ ਸਿਮਰਨ ਵਿਚ ਬੈਠਣ ਦੀ ਕੋਸ਼ਿਸ਼ ਕੀਤੀ ਤਾਂ ਮੈਨੂੰ ਪਤਾ ਲੱਗਾ ਕਿ ਸਿਮਰਨ ਵਾਲੀ ਅਵਸਥਾ ਨੂੰ ਛੱਡ ਦਿਓ, ਅਸੀਂ ਇਸ ਵਿਚ ਭਟਕਣ ਵਿਚ ਵੀ ਕਾਮਯਾਬ ਨਹੀਂ ਹੁੰਦੇ। ਜਦੋਂ ਮੈਂ ਆਪਣੀਆਂ ਅੱਖਾਂ ਬੰਦ ਕਰ ਲਈਆਂ, ਪਤਾ ਨਹੀਂ ਕਿੱਥੇ ਮੇਰਾ ਮਨ ਡੋਲਣ ਲੱਗਾ। ਕਲਪਨਾ ਸੰਸਾਰ ਵਿੱਚ ਘੁੰਮਦੀ ਰਹੀ ਅਤੇ ਜਿਹੜੀਆਂ ਥਾਵਾਂ ਅੱਖਾਂ ਖੁੱਲ੍ਹਣ 'ਤੇ ਵੀ ਨਜ਼ਰ ਨਹੀਂ ਆਉਂਦੀਆਂ ਸਨ, ਜਿਨ੍ਹਾਂ ਨੂੰ ਵੇਖਣ ਦੀ ਮਨਾਹੀ ਸੀ, ਉਹ ਸਭ ਇਧਰ-ਉਧਰ ਆ ਗਏ। ਉਹ ਆ ਕੇ ਇੱਧਰ ਉੱਧਰ ਘੁੰਮਣ ਲੱਗੇ। ਕੁੱਲ ਮਿਲਾ ਕੇ ਇਹ ਸਮਝਿਆ ਗਿਆ ਕਿ ਧਿਆਨ ਸਿਰਫ਼ ਅੱਖਾਂ ਬੰਦ ਕਰਕੇ ਨਹੀਂ ਕੀਤਾ ਜਾ ਸਕਦਾ। ਧਿਆਨ ਸਿਰਫ਼ ਅੱਖਾਂ ਬੰਦ ਕਰਨ ਨਾਲੋਂ ਜ਼ਿਆਦਾ ਹੈ। ਸਿਮਰਨ ਤਾਂ ਉਦੋਂ ਹੁੰਦਾ ਸੀ ਜਦੋਂ ਮਨ ਲੱਗਦਾ ਸੀ, ਪਰ ਹੁਣ ਤਾਂ ਮਨ ਵੀ ਕਿਸੇ ਕੰਮ ਵਿਚ ਲੱਗਣ ਨਹੀਂ ਲੱਗਾ। ਜਿਸ ਵੀ ਕੰਮ ਦੀ ਮਨਾਹੀ ਹੁੰਦੀ ਸੀ, ਮਨ ਸਭ ਤੋਂ ਵੱਧ ਚਲਾਉਂਦਾ ਸੀ ਅਤੇ ਜੋ ਵੀ ਕੰਮ ਸੌਂਪਿਆ ਜਾਂਦਾ ਸੀ, ਉਸ ਵਿਚ ਰੁੱਝਿਆ ਹੀ ਨਹੀਂ ਸੀ। ਭਾਵ, ਸਿਲੇਬਸ ਦੀਆਂ ਕਿਤਾਬਾਂ ਨੂੰ ਛੱਡ ਕੇ, ਮੇਰਾ ਮਨ ਕਹਾਣੀਆਂ ਵਿਚ ਬਹੁਤ ਜ਼ਿਆਦਾ ਰੁਚੀ ਰੱਖਦਾ ਸੀ ਅਤੇ ਜਿਵੇਂ ਹੀ ਮੈਨੂੰ ਪੜ੍ਹਨ ਲਈ ਕਿਹਾ ਜਾਂਦਾ ਸੀ, ਮੇਰਾ ਮਨ ਪਰੇਸ਼ਾਨ ਹੋ ਜਾਂਦਾ ਸੀ। ਬਥੇਰੀ ਗੱਲ ਕਰ ਲਵੋ, ਪਰ ਜਿੰਨੀ ਜਲਦੀ ਲਾਭਦਾਇਕ ਹੋਣਾ ਸੀ, ਇਸ 'ਤੇ ਆਪਣਾ ਮਨ ਲਗਾਓ, ਅਜਿਹਾ ਨਹੀਂ ਲੱਗਦਾ. ਹੁਣ ਜੇ ਮਨ ਹੀ ਆਪਣਾ ਕੰਮ ਕਰੇ ਤਾਂ ਗ਼ਰੀਬ ਦਾ ਕੀ ਮਨ ਹੈ, ਜਿਸ ਨੂੰ ਦੋ ਘੰਟੇ ਲੱਗ ਜਾਂਦੇ ਹਨ। ਇੱਕ ਵਾਰ ਇਹ ਵੀ ਪਿਆਰ ਨਾਲ ਸਮਝਾਇਆ ਗਿਆ ਸੀ ਕਿ ਜਦੋਂ ਕੋਈ ਚੀਜ਼ ਖੁੱਲ੍ਹੇ ਕੰਨਾਂ ਨਾਲ ਸੁਣੀ ਜਾਂਦੀ ਹੈ ਅਤੇ ਕਿਸੇ ਚੀਜ਼ ਨੂੰ ਬਿਨਾਂ ਝਪਕਦਿਆਂ, ਖੁੱਲ੍ਹੀਆਂ ਅੱਖਾਂ ਨਾਲ ਦੇਖਿਆ ਜਾਂਦਾ ਹੈ, ਤਾਂ ਉਸਨੂੰ ਸੁਣਨਾ ਅਤੇ ਦੇਖਣਾ ਕਿਹਾ ਜਾਂਦਾ ਹੈ। ਹੁਣ ਅਸੀਂ ਕਿਤਾਬ ਖੋਲ ਕੇ ਬਹੁਤ ਚੁਭਦੇ ਹੁੰਦੇ ਸੀ, ਫਿਰ ਵੀ ਇਮਤਿਹਾਨ ਵਿੱਚ ਵੱਡਾ ਗੋਲ ਅੰਡਾ ਮਿਲਦਾ ਸੀ। ਭਾਵ, ਕੰਨਾਂ ਦੇ ਪਰਦੇ ਖੋਲ੍ਹ ਕੇ ਬਹੁਤ ਕੁਝ ਸੁਣੋ, ਫਿਰ ਵੀ ਗੱਲ ਅਣਸੁਣੀ ਰਹਿੰਦੀ ਹੈ ਅਤੇ ਅੱਖਾਂ ਖੋਲ੍ਹ ਕੇ ਦੇਖੋ, ਫਿਰ ਵੀ ਬਹੁਤ ਕੁਝ ਅਣਡਿੱਠ ਰਹਿੰਦਾ ਹੈ। ਇਸ ਵਿਚ ਸਵਾਲ ਪੈਦਾ ਹੁੰਦਾ ਹੈ ਕਿ ਧਿਆਨ ਨਾਲ ਸੁਣਨਾ, ਬੋਲਣਾ, ਪੜ੍ਹਨਾ, ਲਿਖਣਾ ਅਤੇ ਦੇਖਣਾ ਕਿਵੇਂ ਹੈ? ਕੰਮ ਤੇ ਧਿਆਨ ਕਿਵੇਂ ਹੈ? ਧਿਆਨ ਨਾਲ ਕਿਵੇਂ ਸੁਣੀਏ? ਸਵਾਲ ਉਥੇ ਹੀ ਅਟਕ ਗਏ। ਕਿਤਾਬੀ ਮਨੋਵਿਗਿਆਨ ਅਤੇ ਸਿੱਖਿਆ ਅਨੁਸ਼ਾਸਨਾਂ ਨੇ ਸਿਖਾਇਆ ਕਿ ਜਦੋਂ ਤੁਹਾਡੀ ਰੁਚੀ ਅਤੇ ਚੇਤਨਾ ਕਿਸੇ ਵਿਅਕਤੀ, ਵਸਤੂ, ਭਾਵਨਾ ਜਾਂ ਸਥਾਨ 'ਤੇ ਕੇਂਦ੍ਰਿਤ ਹੋ ਜਾਂਦੀ ਹੈ, ਤਾਂ ਇਸਨੂੰ ਧਿਆਨ ਕਿਹਾ ਜਾਂਦਾ ਹੈ। ਧਿਆਨ ਅਤੇ ਦਿਲਚਸਪੀ ਇੱਕ ਸਿੱਕੇ ਦੇ ਦੋ ਪਹਿਲੂ ਹਨ। ਜੋ ਕੰਮ ਧਿਆਨ ਨਾਲ ਕੀਤਾ ਜਾਂਦਾ ਹੈ, ਉਸ ਵਿਚ ਰੁਚੀ ਪੈਦਾ ਹੁੰਦੀ ਹੈ ਅਤੇ ਜਿਸ ਕੰਮ ਵਿਚ ਦਿਲਚਸਪੀ ਹੁੰਦੀ ਹੈ, ਉਹ ਬਹੁਤ ਧਿਆਨ ਨਾਲ ਕਰਦਾ ਹੈ। ਕੋਈ ਵੀ ਵਸਤੂ, ਵਿਅਕਤੀ, ਭਾਵਨਾ ਅਤੇ ਸਥਾਨ ਵਿੱਚ ਚੇਤਨਾ ਦੀ ਇਕਾਗਰਤਾ ਧਿਆਨ ਹੈ। ਹੁਣ ਤੱਕ ਅਸੀਂ ਸਿਮਰਨ ਵਿੱਚ ਮਗਨ ਸੀ, ਹੁਣ ਇੱਕ ਨਵੀਂ ਸ਼ਗੂਫਾ ਰਹਿ ਗਈ ਹੈ, ਹੋਸ਼। ਹੁਣ ਜਦੋਂ ਮੈਂ ਚੇਤਨਾ ਨੂੰ ਪੜ੍ਹਨ ਅਤੇ ਸਮਝਣ ਬੈਠਾ ਤਾਂ ਅਚੇਤ ਅਤੇ ਅਵਚੇਤਨ ਦੋ ਸ਼ਬਦਾਂ ਨੇ ਮੈਨੂੰ ਝੰਜੋੜ ਕੇ ਫੜ ਲਿਆ। ਕੁੱਲ ਮਿਲਾ ਕੇ, ਧਿਆਨ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਨੂੰ ਯਾਦ ਕਰਨ ਲਈ ਦਿੱਤਾ ਗਿਆ ਸੀ ਅਤੇ ਦਿਲਚਸਪੀ ਦਾ ਇੱਕ ਛਿੱਟਾ ਵੱਖਰੇ ਤੌਰ 'ਤੇ ਦਿੱਤਾ ਗਿਆ ਸੀ। ਚੇਤੰਨ, ਉਪਰੋਂ ਧਿਆਨ ਨੂੰ ਸਮਝਣ ਦੀ ਪ੍ਰਕਿਰਿਆ ਵਿੱਚ, ਅਵਚੇਤਨ ਸ਼ਬਦਾਂ ਵਿੱਚ ਉਲਝਿਆ, ਇਸ ਲਈ ਵੱਖਰਾ। ਧਿਆਨ ਸ਼ਬਦ ਸੁਣਨ ਵਿੱਚ ਆਸਾਨ ਹੈ, ਪਰ ਅਭਿਆਸ ਕਰਨਾ ਬਹੁਤ ਮੁਸ਼ਕਲ ਹੈ। ਇਸ ਦੀ ਘਾਟ ਕਾਰਨ ਵਿਅਕਤੀ ਕੁਝ ਦਾ ਕੁਝ ਬਣ ਜਾਂਦਾ ਹੈ। ਇਹ ਕੀ ਹੈ? ਜੋ ਉਹ ਚਾਹੁੰਦਾ ਹੈ, ਉਹ ਨਹੀਂ ਬਣ ਸਕਦਾ। ਫਿਰ ਆਪਣੀ ਕਿਸਮਤ ਨੂੰ ਦੋਸ਼ੀ ਠਹਿਰਾਉਂਦਾ ਹੈ। ਹਵਾ ਤਾਂ ਦਿਖਾਈ ਨਹੀਂ ਦਿੰਦੀ, ਪਰ ਜਦੋਂ ਹਵਾ ਦਾ ਤੂਫ਼ਾਨ ਉੱਠਦਾ ਹੈ ਤਾਂ ਉਸ ਧੂੜ ਦੇ ਕਣ ਆਪਣੇ ਆਪ ਹੀ ਉਸ ਤੂਫ਼ਾਨ ਨਾਲ ਬਣ ਜਾਂਦੇ ਹਨ, ਉਸੇ ਧੂੜ ਦੇ ਕਣਾਂ ਵਿੱਚੋਂ ਬਵੰਡਰ ਸਾਨੂੰ ਦਿਸਦਾ ਹੈ। ਇਸੇ ਤਰ੍ਹਾਂ, ਜਦੋਂ ਅਸੀਂ ਧਿਆਨ ਦੀ ਅਵਸਥਾ ਵਿੱਚ ਪਹੁੰਚਦੇ ਹਾਂ, ਤਾਂ ਸਾਡੇ ਅੰਦਰ ਬਿਜਲੀ ਦੀ ਰਿੰਗ ਵੀ ਬਦਲਣੀ ਸ਼ੁਰੂ ਹੋ ਜਾਂਦੀ ਹੈ। ਉਸੇ ਤਬਦੀਲੀ ਦੇ ਨਤੀਜੇ ਵਜੋਂ, ਸਾਡੇ ਦਿਮਾਗ ਦਾ ਤਰਲ ਪਦਾਰਥ ਬਦਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਸਾਡੇ ਸਰੀਰ ਦੀ ਸਾਰੀ ਪ੍ਰਕਿਰਿਆ, ਜਿਸ ਨੂੰ ਅਸੀਂ ਮਿਸ਼ਰਿਤ ਪ੍ਰਕਿਰਿਆ ਕਹਿੰਦੇ ਹਾਂ, ਵੀ ਬਦਲ ਜਾਂਦੀ ਹੈ। ਸਾਡੇ ਸਰੀਰ ਅੰਦਰ ਵੱਖ-ਵੱਖ ਤਰ੍ਹਾਂ ਦੀਆਂ ਚੀਜ਼ਾਂ ਇੱਥੇ ਇਲੈਕਟ੍ਰੋਮੈਗਨੈਟਿਕ ਤਰੰਗਾਂ ਮੌਜੂਦ ਹਨ, ਜਿਨ੍ਹਾਂ ਨੂੰ ਅਸੀਂ ਇਲੈਕਟ੍ਰਿਕ ਤਰੰਗਾਂ ਵੀ ਕਹਿ ਸਕਦੇ ਹਾਂ। ਜਿਵੇਂ ਹੀ ਬਿਜਲੀ ਦੀਆਂ ਤਰੰਗਾਂ ਵਿੱਚ ਤਬਦੀਲੀ ਹੁੰਦੀ ਹੈ, ਸਾਡੇ ਪੂਰੇ ਸਰੀਰ ਦੀ ਪ੍ਰਕਿਰਿਆ ਹੌਲੀ-ਹੌਲੀ ਬਦਲ ਜਾਂਦੀ ਹੈ।

ਪੰਜਾਬੀ ਪੋਸਟ CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days & Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com



(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca





Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
GUARANTEED
MCNE

CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

HOUSE FOR LEASE IN CALEDON
KENNEDY/ NEW HOUSE/ DOUGALL AVE.

* 2500-3000 sq feet ਦਾ Detached ਘਰ
* $3,700/month (4 ਬੈੱਡਰੂਮ + 1 ਡੇਨ+ 4 ਵਾਸ਼ਰੂਮ)
* ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
* 2nd ਫਲੋਰ ਤੇ 9 ਫੁੱਟ ਦੀ ਸੀਲੀਂਗ
* ਪੂਰਾ ਘਰ $4700/month with unfurnished ਬੇਸਮੇਂਟ
* HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
* 1ਸਾਲ ਦੀ Lease, Credit Report, Full Rental App.
* First & Last month + Key Deposit

LISTED IN BRAMPTON
MAYFIELD / MCLAUGHLIN

* Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
* 3+1 ਬੈੱਡਰੂਮ + 4 ਵਾਸ਼ਰੂਮ
* 1 ਬੈੱਡਰੂਮ Legal Finished Basement with Seperate Entrance
* 9 ਫੁੱਟ ਦੀ ਸੀਲੀਂਗ
* ਸਟੈਂਡਰਡ ਓਕ ਸਟੈਅਰ ਕੇਸ
* ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
* ਗ੍ਰੇਨਾਈਟ ਕਾਊਂਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
* ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ
* HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ

LISTED IN BRAMPTON
CASTLEMORE/ HUMBERWEST/AIRPORT

* 1500-2000 sq feet ਦਾ ਘਰ
* 3+1 ਬੈੱਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
* ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
* Extended ਡਰਾਈਵਵੇਅ
* ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ

FREE
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022

REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Tri-City Professional Realty Inc., Brokerage
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777
Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8

SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਨਵਾਂ ਸੁੰਦਰ 3500-5000 ਦਰਜ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ, ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗ੍ਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਚੌਥੇ ਘਰ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਇਅਰ, 4 ਕਾਰ ਪਾਰਕਿੰਗ ਨਾਲ ਡਬਲ ਗੈਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

SOLD
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017